# ਸਾਂਝੀ ਵਿਰਾਸਤ

ਜਿਲਦ 1 ਅੰਕ 1

2022

ਮਾਘਿ (ਜਨਵਰੀ)

## ਪੰਜਾਬੀ ਭਾਸ਼ਾ, ਸਭਿਅਤਾ ਅਤੇ ਵਿਰਾਸਤ ਦਾ ਮਾਸਿਕ ਮੈਗਜ਼ੀਨ



A monthly non-political, not-for profit magazine of

the Panjabi Language, Culture and Heritage

www.sanjhivirasat.org

# ਇਸ ਅੰਕ ਵਿਚ

## (ਤਤਕਰਾ)


| | | | |
|---|---|---|---|
| 1. | ਤਤਕਰਾ | | ii |
| 2. | ਸੰਪਾਦਕੀ ਮੰਡਲ | | iii |
| 3. | ਸੰਪਾਦਕੀ ਮੁਖ ਬੰਦ | ਡਾ. ਸੁਰਜੀਤ ਸਿੰਘ ਭੱਟੀ | 1 |
| 4. | ਮਾਘਿ ਮਹੀਨੇ ਦਾ ਵਿਚਾਰ | ਪ੍ਰੋਫ਼ੈਸਰ ਮਨਿੰਦਰ ਸਿੰਘ | 2 |
| 5. | ਨਵੇਂ ਸਾਲ ਤੇ ਪਾਈਏ ਨਵੀਆਂ ਪੈੜਾਂ | ਗੁਰਦੀਸ਼ ਕੌਰ ਗਰੇਵਾਲ | 3-4 |
| 6. | ਜਿੰਦ-ਜਾਨ ਪੰਜਾਬੀ (ਕਵਿਤਾ) | ਮਨਜੀਤ ਕੌਰ ਅੰਬਾਲਵੀ | 5 |
| 7. | ਪੰਜਾਬੀ ਭਾਸ਼ਾ ਬਾਰੇ ਕੁਝ ਗੱਲਾਂ | ਡਾ. ਸੁਰਜੀਤ ਸਿੰਘ ਭੱਟੀ | 6 |
| 8. | ਰੂਹਾਨੀ ਮੁਹੱਬਤ (ਮਿੰਨੀ ਕਹਾਣੀ) | ਹਰਪ੍ਰੀਤ ਸਿੰਘ ਜਵੰਦਾ | 7 |
| 9. | ਪਾਠ ਕਰਵਾਉਣਾ ਹੀ ਕਾਫੀ ਹੈ ਜਾਂ ਗੁਰਬਾਣੀ ਪੜ੍ਹ ਸੁਣ ਕੇ ਸਮਝਣੀ ਜ਼ਰੂਰੀ ਹੈ ? | ਡਾ. ਕਾਬਲ ਸਿੰਘ ਅਤੇ ਡਾ. ਬਲਦੇਵ ਸਿੰਘ | 8-9 |
| 10. | ਲੱਥਣਾ ਨਹੀਂ ਰਿਣ ਸਾਥੋਂ (ਕਵਿਤਾ) | ਗੁਰਦੀਸ਼ ਕੌਰ ਗਰੇਵਾਲ | 10 |
| 11. | "ਬਾਲ ਬੁਧਿ ਸੁਖੁ ਰੇ" ... !! | ਸੁਰਜੀਤ ਸਿੰਘ ਵਿਰਕ | 11-12 |
| 12. | ੧ਓ | ਦਵਿੰਦਰ ਕੌਰ | 13 |
| 13. | ਰੱਬ ਦੇ ਰੰਗ (ਮਿੰਨੀ ਕਹਾਣੀ) | ਮਨਪ੍ਰੀਤ ਕੌਰ ਭਾਟੀਆ | 14 |
| 14. | ਇਕਸਾਰਤਾ ਲਈ ਜ਼ਰੂਰੀ ਗੱਲਾਂ | | 15 |

# ਸੰਪਾਦਕੀ ਮੰਡਲ

# Editorial Board


1. ਡਾ. ਰਾਜਾ ਬਲਰਾਜ ਸਿੰਘ — ਕੈਲਗਰੀ (ਕੈਨੇਡਾ)
2. ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ — ਕੈਲਗਰੀ (ਕੈਨੇਡਾ)
3. ਪ੍ਰੋਫ਼ੈਸਰ ਮਨਿੰਦਰ ਸਿੰਘ — ਐਡਮਿੰਟਨ (ਕੈਨੇਡਾ)
4. ਡਾ. ਕਾਬਲ ਸਿੰਘ — ਐਡਮਿੰਟਨ (ਕੈਨੇਡਾ)
5. ਡਾ. ਬਲਦੇਵ ਸਿੰਘ — ਐਡਮਿੰਟਨ (ਕੈਨੇਡਾ)
6. ਸ. ਜਗਬੀਰ ਸਿੰਘ ਕੋਹਲੀ — ਕੈਲਗਰੀ (ਕੈਨੇਡਾ)
7. ਸ. ਪਰਮਜੀਤ ਸਿੰਘ — ਟੋਰੋਂਟੋ (ਕੈਨੇਡਾ)
8. ਪ੍ਰਿਸੀਪਲ ਮਨਮੋਹਨ ਕੌਰ — ਕੈਲਗਰੀ (ਕੈਨੇਡਾ)
9. ਡਾ. ਰਾਜਬੀਰ ਸਿੰਘ ਭੱਟੀ — ਕੈਲਗਰੀ (ਕੈਨੇਡਾ)
10. ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) — ਕੈਲਗਰੀ (ਕੈਨੇਡਾ)

**ਸਲਾਹਕਾਰ:**

1. ਡਾ. ਕਾਲਾ ਸਿੰਘ — ਵੈਨਕੂਵਰ (ਕੈਨੇਡਾ)
2. ਡਾ. ਦਵਿੰਦਰ ਸਿੰਘ ਸੇਖੋਂ — ਵਿੰਡਸਰ (ਕੈਨੇਡਾ)
3. ਡਾ. ਦਵਿੰਦਰ ਪਾਲ ਸਿੰਘ — ਮਿਸੀਸਾਗਾ (ਕੈਨੇਡਾ)
4. ਡਾ. ਜਗਜੀਤ ਸਿੰਘ — ਵੈਨਕੂਵਰ (ਕੈਨੇਡਾ)
5. ਸ. ਯੁਵਰਾਜ ਸਿੰਘ — ਕੈਲਗਰੀ (ਕੈਨੇਡਾ)

## 'ਸਾਂਝੀ ਵਿਰਾਸਤ" ਬਾਰੇ

## ਮੁਖ ਬੰਦ



"ਸਾਂਝੀ ਵਿਰਾਸਤ" ਗੁਰਮੁਖੀ ਲਿਪੀ ਵਿਚ ਪੰਜਾਬੀ ਭਾਸ਼ਾ ਦੀ ਮਾਸਿਕ ਮੈਗਜ਼ੀਨ ਹੈ ਜਿਸ ਦਾ ਮੰਤਵ ਪੰਜਾਬੀ ਭਾਸ਼ਾ, ਸਭਿੱਆਚਾਰ ਅਤੇ ਅਮੀਰ ਵਿਰਾਸਤ ਨੂੰ ਸਾਦੇ ਸ਼ਬਦਾਂ ਵਿਚ ਸਧਾਰਨ ਲੋਕਾਂ ਨਾਲ ਸਾਂਝਿਆਂ ਕਰਨਾ ਹੈ। ਇਸ ਦਾ ਕਿਸੇ ਰਾਜਨੀਤਿਕ ਸੰਸਥਾ ਨਾਲ ਕੋਈ ਸੰਬੰਧ ਨਹੀਂ ਹੈ। ਦੁਨੀਆਂ ਭਰ ਵਿਚ ਕਈ ਧਰਮਾਂ ਦੇ ਕਈ ਦੇਸਾਂ ਵਿਚ ਰਹਿੰਦੇ ਲਗਭਗ 15 ਕਰੋੜ ਲੋਕਾਂ ਦੀ ਮਾਂ ਬੋਲੀ ਪੰਜਾਬੀ ਹੈ। ਪੰਜਾਬੀ ਭਾਸ਼ਾ ਦਾ ਹਜ਼ਾਰਾਂ ਸਾਲ ਪੁਰਾਣਾ ਮਾਣ-ਮੱਤਾ ਇਤਿਹਾਸ ਅਤੇ ਸਾਹਿਤ ਹੈ।


ਅਸੀਂ ਪੰਜਾਬੀ ਬੋਲੀ, ਸਭਿੱਆਚਾਰ ਅਤੇ ਵਿਰਾਸਤ ਨੂੰ ਸਦਭਾਵਨਾ ਅਤੇ ਸਾਂਝੀਵਾਲਤਾ ਦਾ ਆਧਾਰ ਬਣਾਉਣਾ ਚਾਹੁੰਦੇ ਹਾਂ। ਇਸ ਲਈ ਪੰਜਾਬੀ ਭਾਸ਼ਾ ਸਿੱਖਣ, ਬੋਲਣ, ਪੜ੍ਹਨ ਅਤੇ ਲਿਖਣ ਬਾਰੇ ਗਿਆਨ ਦੇਣਾ ਜ਼ਰੂਰੀ ਹੈ। ਪੰਜਾਬੀ ਦੇ ਵਿਲੱਖਣ ਕਾਵਿ ਰੂਪਾਂ ਦੇ ਪਿਛੋਕੜ, ਸੂਫ਼ੀ ਅਤੇ ਹੋਰ ਉੱਘੇ ਕਵੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਸਾਨੂੰ ਪਤਾ ਹੋਣਾ ਚਾਹੀਦਾ ਹੈ। ਅੱਜਕਲ ਦੇ ਕਵੀਆਂ ਅਤੇ ਲੇਖਕਾਂ ਦੀਆਂ ਰਚਨਾਵਾਂ ਦੀ ਜਾਣਕਾਰੀ ਪ੍ਰਾਪਤ ਕਰਨੀ ਵੀ ਬਣਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰਮੁਖੀ ਲਿਪੀ ਵਿਚ ਦਰਜ ਗੁਰੂਆਂ, ਸਾਰੇ ਧਰਮਾਂ, ਅਤੇ ਜਾਤਾਂ ਦੇ ਭਗਤਾਂ ਵਲੋਂ ਰਚੀ ਗਈ ਗੁਰਬਾਣੀ, ਪੰਜਾਬੀ ਸਾਹਿਤ ਨੂੰ ਦਿੱਤੀ ਵੱਡਮੁੱਲੀ ਦੇਣ ਹੈ, ਜੋ ਸਾਡੀ ਵਿਰਾਸਤ ਦਾ ਅਨਿੱਖੜਵਾਂ ਹਿੱਸਾ ਹੈ। ਗੁਰਬਾਣੀ ਵਿਚ ਰਾਗਾਂ ਦਾ ਵਿਸ਼ੇਸ਼ ਮਹੱਤਵ ਹੈ ਜੋ ਵਿਲੱਖਣ ਗੁਰਮਤਿ ਸੰਗੀਤ ਦਾ ਆਧਾਰ ਹਨ ਅਤੇ ਵੱਖੋ ਵੱਖ ਵਿਚਾਰਾਂ ਨੂੰ ਇਕ ਲੜੀ ਵਿਚ ਪਰੋਂਦੇ ਹਨ। ਇਸ ਤਰਾਂ ਪੰਜਾਬੀ ਸਾਰੇ ਧਰਮਾਂ ਵਿਚਕਾਰ ਇਕ ਪੁਲ ਹੈ ਅਤੇ ਸਰਬ-ਧਰਮ ਸੁਹਿਰਦਤਾ ਦਾ ਆਧਾਰ ਹੈ। ਸੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਪੰਜਾਬੀ ਬਹੁਤ ਕੁੱਝ ਦੇ ਸਕਦੀ ਹੈ।

**ਡਾ.ਸੁਰਜੀਤ ਸਿੰਘ ਭੱਟੀ, ਕੈਲਗਰੀ**
**(ਕੈਨੇਡਾ)**

# ਬਾਰਹ ਮਾਹਾ ਮਾਂਝ ਮਹਲਾ 5 ਘਰੁ 4 ੧ੴ ਸਤਿਗੁਰ ਪ੍ਰਸਾਦਿ

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥ {ਪੰਨਾ 136}




## ਪ੍ਰੋ.ਫ਼ੈਸਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)


ਮਾਘਿ ਮਹੀਨੇ ਤੀਰਥਾ ਤੇ ਇਸ਼ਨਾਨ ਕਰਨ ਦਾ ਮਹਾਤਮ ਮੰਨਿਆ ਗਿਆ ਹੈ । ਪ੍ਰੰਤੂ ਗੁਰਬਾਣੀ ਨੇ ਨਾਮ ਸਿਮਰਨ ਦਵਾਰਾ ਆਤਮਿਕ ਇਸ਼ਨਾਨ ਕਰਨ ਦਾ ਮਹੱਤਵ ਦਰਸਾਇਆ ਹੈ ।ਇਸ ਮਹੀਨੇ ਵਿਚ ਸਤਿਸੰਗੀਆਂ ਨਾਲ ਮਿਲਕੇ ਨਾਮ ਸਿਮਰਨ ਦੁਆਰਾ ਆਪਣੇ ਮਨ ਦੀ ਮੈਲ ਧੋਣ ਦਾ ਉਪਦੇਸ਼ ਦਿੱਤਾ ਹੈ।ਉਸਨੂੰ ਨਾਮ ਸਰਵਣ ਕਰਨਾ ਤੇ ਜਪਣਾ ਚਾਹੀਦਾ ਹੈ ਤੇ ਹੋਰਨਾਂ ਨਾਲ ਸਾਂਝਾ ਕਰਨਾ ਚਾਹੀਦਾ ਹੈ । ਇਸਤਰ੍ਹਾ ਜਨਮਾਂ ਜਨਮਾਂਤਰਾਂ ਦੇ ਕਰਮਾਂ ਦੀ ਮੈਲ ਉਤਰ ਜਾਂਦੀ ਹੈ ਤੇ ਮਨ ਦਾ ਹੰਕਾਰ ਦੂਰ ਹੁੰਦਾ ਹੈ । ਕਾਮ ਕ੍ਰੋਧ, ਮੋਹ ਤੇ ਲੋਭ ਰੂਪੀ ਕੁੱਤੇ ਦਾ ਵੀ ਨਾਸ ਹੋ ਜਾਂਦਾ ਹੈ। ਸੱਚੇ ਨਾਮ- ਮਾਰਗ ਤੇ ਚਲਦਿਆਂ ਸੰਸਾਰ ਵਿਚ ਵਡਿਆਈ ਹੁੰਦੀ ਹੈ । ਨਾਮ ਸਿਮਰਨ ਨਾਲ ਅਠਾਹਠ ਤੀਰਥਾਂ ਦਾ ਇਸ਼ਨਾਨ ਜੀਅ ਦਯਾ ਕਰਨ ਦੇ ਸਾਰੇ ਪੁੰਨ ਮਿਲਦੇ ਹਨ। ਉਨ੍ਹਾਂ ਤੋਂ ਸਦਕੇ ਜਾਈਏ ਜਿਨ੍ਹਾ ਨੂੰ ਆਪਣਾ ਪ੍ਰਭੂ ਪ੍ਰਾਪਤ ਹੋ ਗਿਆ ਹੈ। ਉਹ ਮਨੁੱਖ ਸਿਆਣਾ ਅਤੇ ਸਚਿਆਰ ਹੈ ਜਿਸਤੇ ਵਾਹਿਗੁਰੂ ਦਇਆ ਕਰਕੇ ਮਾਘ ਰੂਪੀ ਯਾਤਰਾ ਵਿਚ ਕਿਰਪਾ ਕਰਦਾ ਹੈ । ਇਤਿਹਾਸ ਵਿਚ ਮਾਘੀ ਦਾ ਪੁਰਬ ਵਿਸ਼ੇਸ਼ ਮਹਾਨਤਾ ਰਖਦਾ ਹੈ । ਚਾਲੀ ਮੁਕਤਿਆਂ ਦੀ ਸ਼ਹਾਦਤ ਦੀ ਯਾਦ ਵਿਚ ਸ੍ਰੀ ਮੁਕਤਸਰ ਦਾ ਜੋੜਮੇਲਾ ਹੁੰਦਾ ਹੈ ।

# ਨਵੇਂ ਸਾਲ ਤੇ ਪਾਈਏ- ਨਵੀਆਂ ਪੈੜਾਂ !

**ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)**
**(ਵਟਸਐਪ: +91 98728 60488)**



ਹਰ ਵਾਰ ਨਵਾਂ ਸਾਲ ਚੜ੍ਹਦਾ ਹੈ ਤੇ ਬੀਤ ਜਾਂਦਾ ਹੈ। ਅਸਲ ਵਿੱਚ ਜ਼ਿੰਦਗੀ ਦਾ ਹਰ ਪਲ ਹੀ ਨਵਾਂ ਹੁੰਦਾ ਹੈ। ਜਿਹੜਾ ਪਲ ਬੀਤ ਗਿਆ ਉਹ ਮੁੜਕੇ ਹੱਥ ਨਹੀਂ ਆਉਂਦਾ। ਤਬਦੀਲੀ ਕੁਦਰਤ ਦਾ ਨਿਯਮ ਹੈ। ਦਿਨ ਤੋਂ ਬਾਅਦ ਰਾਤ ਤੇ ਫਿਰ ਅਗਲਾ ਦਿਨ...ਇਸੇ ਤਰ੍ਹਾਂ ਦਿਨ, ਮਹੀਨੇ ਤੇ ਸਾਲ ਬੀਤਦੇ ਜਾ ਰਹੇ ਹਨ। ਅਸੀਂ ਬਚਪਨ ਤੋਂ ਜੁਆਨੀ ਤੇ ਫਿਰ ਬੁਢਾਪੇ ਵੱਲ ਤੁਰੇ ਜਾ ਰਹੇ ਹਾਂ। ਬੀਤਿਆ ਬਚਪਨ ਜਾਂ ਜੁਆਨੀ ਪਰਤ ਨਹੀਂ ਸਕਦੇ।

ਅੱਜ ਫਿਰ ਨਵਾਂ ਸਾਲ ਸਾਡੀਆਂ ਬਰੂਹਾਂ ਤੇ ਆਣ ਪਹੁੰਚਾ ਹੈ। ਇਸ ਦਾ ਸਵਾਗਤ ਕਰਦਿਆਂ ਸਭ ਤੋਂ ਪਹਿਲਾਂ, ਬਾਬੇ ਨਾਨਕ ਦੀ ਅਪਾਰ ਬਖਸ਼ਿਸ਼ ਸਦਕਾ, ਹਾਲ ਹੀ ਵਿੱਚ ਹੋਈ ਕਿਸਾਨ ਅੰਦੋਲਨ ਦੀ ਇਤਿਹਾਸਕ ਜਿੱਤ ਦੀ, ਆਪ ਸਭਨਾਂ ਨੂੰ ਲੱਖ ਲੱਖ ਵਧਾਈ ਦਿੰਦੀ ਹਾਂ। ਇਹ ਸਾਡੇ ਸਬਰ, ਸਿਦਕ, ਸਿਰੜ, ਏਕੇ ਤੇ ਸਾਂਝੀ ਵਿਰਾਸਤ ਦੀ ਜਿੱਤ ਹੈ। ਲੋੜ ਹੈ- ਆਉਣ ਵਾਲੇ ਸਮੇਂ ਵਿੱਚ ਵੀ ਇਸੇ ਤਰ੍ਹਾਂ ਸਿਰ ਜੋੜ ਕੇ ਬੈਠਣ ਦੀ! ਆਓ ਇਸ ਨਵੇਂ ਸਾਲ ਤੇ, ਆਪਣੀ ਆਤਮਾ ਦੀ ਕਚਹਿਰੀ ਵਿੱਚ ਆਪਣੇ ਆਪ ਨਾਲ ਵੀ, ਸੱਚ ਦੇ ਰੂ-ਬ-ਰੂ ਹੋਈਏ। ਇਕਾਗਰ ਚਿੱਤ ਹੋ ਕੇ ਸੋਚੀਏ- ਕਿ ਅਸੀਂ ਬੀਤੇ ਸਾਲ ਵਿੱਚ, ਸਮਾਜ ਭਲਾਈ ਤੇ ਨੇਕ ਕਾਰਜਾਂ ਦੀ ਕਿੰਨੀ ਕੁ ਪੂੰਜੀ ਇਕੱਤਰ ਕੀਤੀ? ਕਿੰਨਾ ਕੁ ਗੁਰਬਾਣੀ ਨਾਲ ਪਿਆਰ ਪਾਇਆ ਤੇ ਉਸ ਤੇ ਚੱਲਣ ਦੀ ਕੋਸ਼ਿਸ਼ ਕੀਤੀ? ਕਿੰਨੀਆਂ ਕੁ ਅਸੀਸਾਂ ਇਕੱਤਰ ਕੀਤੀਆਂ? ਕਦੇ ਕਿਸੇ ਦਾ ਦਿੱਲ ਤਾਂ ਨਹੀਂ ਦੁਖਾਇਆ? ਕਿਸੇ ਨੂੰ ਕੌੜੇ ਬੋਲ ਤਾਂ ਨਹੀਂ ਬੋਲੇ? ਈਰਖਾ ਤਾਂ ਨਹੀਂ ਕੀਤੀ?..ਆਦਿ।

ਆਓ ਸਵੈ ਪੜਚੋਲ ਕਰਕੇ, ਪਿਛਲੇ ਸਾਲ ਦੀਆਂ ਕਮੀਆਂ ਦੂਰ ਕਰਨ ਦੀ ਕੋਸ਼ਿਸ਼ ਕਰੀਏ। ਅੱਜ ਪਹਿਲੇ ਦਿਨ ਤੋਂ ਹੀ, ਆਪਣੀ ਸਿਹਤ ਲਈ ਰੋਜ਼ਾਨਾ ਸੈਰ ਕਰਨ ਦੀ ਆਦਤ ਪਾ ਲਈਏ। ਅੰਮ੍ਰਿਤ ਵੇਲੇ ਉਠਣ ਦਾ ਪ੍ਰਣ ਕੀਤਾ ਜਾ ਸਕਦਾ ਹੈ। ਕ੍ਰੋਧ ਤੇ ਕਾਬੂ ਪਾਉਣ ਦਾ ਯਤਨ ਕੀਤਾ ਜਾ ਸਕਦਾ ਹੈ। ਜੇ ਕਿਸੇ ਮਾਮੂਲੀ ਜਿਹੀ ਗੱਲ ਤੋਂ, ਆਪਣੇ ਨਜ਼ਦੀਕੀ ਜਾਂ ਸਾਥੀ ਨਾਲ ਦੂਰੀ ਬਣ ਗਈ ਹੈ, ਤਾਂ ਨਵੇਂ ਸਾਲ ਵਿੱਚ ਸੁਲਾਹ ਕਰ ਲਈਏ..ਗਲਤ ਫਹਿਮੀ ਦੂਰ ਕਰਕੇ, ਨਵੇਂ ਸਾਲ ਦੀ ਮੁਬਾਰਕਬਾਦ ਦੇ ਕੇ, ਕੁੜੱਤਣ ਖਤਮ ਕਰ ਸਕਦੇ ਹਾਂ। ਲੋਕਾਂ ਦੇ ਚੰਗੇ ਕੰਮਾਂ ਦੀ ਪ੍ਰਸ਼ੰਸਾ ਉਪਰੋਂ ਨਹੀਂ, ਸਗੋਂ ਦਿਲੋਂ ਕਰਨ ਦੀ ਪਿਰਤ ਪਾਈ ਜਾ ਸਕਦੀ ਹੈ। ਸ਼ੁਕਰੀਆ ਜਾਂ ਮੇਹਰਬਾਨੀ ਕਹਿਣ ਦੀ ਆਦਤ ਵੀ, ਦੂਜਿਆਂ ਲਈ ਪ੍ਰੇਰਣਾਸ੍ਰੋਤ ਬਣਦੀ ਹੈ। ਸ਼ੁਕਰਾਨਾ ਉਸ ਅਕਾਲ ਪੁਰਖ ਦਾ ਵੀ ਕਰਨਾ ਜਰੂਰੀ ਹੈ, ਜਿਸ ਨੇ ਅਣਗਿਣਤ ਦਾਤਾਂ ਦਿੱਤੀਆਂ ਹਨ।

ਸੂਝਵਾਨ ਬੰਦਿਆਂ ਵਲੋਂ ਪਾਈਆਂ ਚੰਗੀਆਂ ਪਿਰਤਾਂ ਤੋਂ ਵੀ ਆਪਾਂ ਸੇਧ ਲੈ ਸਕਦੇ ਹਾਂ। ਹੋ ਸਕਦਾ ਹੈ- ਸਾਡੇ ਕੁੱਝ ਲੋਕਾਂ ਨਾਲ ਪਿਛਲੇ ਸਾਲ ਵਿੱਚ ਕੌੜੇ ਤਜਰਬੇ ਰਹੇ ਹੋਣ- ਤਾਂ ਉਹਨਾਂ ਨੂੰ ਮੁਆਫ਼ ਕਰ ਦੇਣ ਵਿੱਚ ਹੀ ਸਾਡੀ ਵਡੱਤਣ ਹੈ। ਸਾਡੇ ਤਾਂ ਗੁਰੂ ਸਾਹਿਬਾਂ ਨੇ ਬੇਦਾਵਾ ਪਾੜ ਕੇ ਸਾਨੂੰ ਖਿਮਾ ਕਰਨ ਦੀ ਜਾਚ ਦੱਸੀ ਹੋਈ ਹੈ। ਜੇਕਰ ਨਾਲ ਨਿਮਰਤਾ ਤੇ ਮਿਠਾਸ ਦਾ ਗੁਣ ਵੀ ਧਾਰਨ ਕਰ ਲਿਆ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। 'ਈਗੋ' ਜਾਂ ਹਉਮੈਂ ਕਾਰਨ ਸਾਡੇ ਰਿਸ਼ਤੇ ਤਾਰ ਤਾਰ ਹੋ ਰਹੇ ਹਨ। ਪਰਿਵਾਰ ਟੁੱਟ ਰਹੇ ਹਨ। ਸੁਖਮਨੀ ਸਾਹਿਬ ਵਿੱਚ ਵੀ ਆਉਂਦਾ ਹੈ।

*ਆਪਸ ਕਉ ਜੋ ਜਾਣੈ ਨੀਚਾ॥*
*ਸੋਊ ਗਨੀਐ ਸਭ ਤੇ ਊਚਾ॥ ( ਅੰਗ 265)*

*ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥ (ਅੰਗ 611)*

– ਅਨੁਸਾਰ ਜਦੋਂ ਅਸੀਂ ਆਪਣੀ ਸੋਚ ਬਦਲ ਲਈ ਤਾਂ ਸਾਨੂੰ ਸਾਰੀ ਦੁਨੀਆਂ ਹੀ ਆਪਣੀ ਲਗੇਗੀ!

ਅੰਤ ਵਿੱਚ ਮੈਂ ਆਪ ਸਭ ਨੂੰ ਨਵੇਂ ਸਾਲ ਦੀ ਅਤੇ ਦਸ਼ਮੇਸ਼ ਪਿਤਾ ਦੇ ਆਗਮਨ ਪੁਰਬ ਦੀ ਵਧਾਈ ਦਿੰਦੀ ਹੋਈ, ਇਹੀ ਕਹਾਂਗੀ ਕਿ- ਆਓ ਅੱਜ ਆਪੋ ਆਪਣੇ ਮਨਾਂ ਵਿਚੋਂ- ਵਿਸ਼ੇ ਵਿਕਾਰਾਂ, ਹਉਮੈਂ, ਈਰਖਾ, ਸਾੜਾ, ਸੁਆਰਥ ਅਦਿ ਬੁਰੇ ਵਿਚਾਰਾਂ ਦਾ ਕੂੜਾ ਕਰਕਟ ਹੂੰਝ ਕੇ, ਆਪਣੇ ਮਨ ਰੂਪੀ ਜ਼ਮੀਨ ਦੀ ਚੰਗੀ ਤਰ੍ਹਾਂ ਗੋਡੀ ਕਰਕੇ, ਸ਼ੁਧ ਵਿਚਾਰਾਂ ਦਾ ਪਾਣੀ ਲਾ ਕੇ- ਪਰਉਪਕਾਰ, ਨੇਕੀ, ਭਲਾਈ, ਪ੍ਰੇਮ-ਪਿਆਰ, ਸਤਿਕਾਰ ਤੇ ਪ੍ਰਭੂ ਦੀ ਮਿੱਠੀ ਪਿਆਰੀ ਯਾਦ ਦੇ ਬੀਜ ਬੀਜੀਏ- ਜਿਸ ਵਿੱਚੋਂ ਉੱਗੀ ਹੋਈ ਗੁਲਾਬ ਦੇ ਫੁੱਲਾਂ ਵਰਗੀ ਫਸਲ, ਸਾਡੇ ਘਰ ਪਰਿਵਾਰ ਨੂੰ ਹੀ ਨਹੀਂ, ਸਗੋਂ ਸਾਰੇ ਚੌਗਿਰਦੇ ਨੂੰ ਮਹਿਕਾ ਦੇਵੇਗੀ!



# ਜਿੰਦ-ਜਾਨ ਪੰਜਾਬੀ

**ਮਨਜੀਤ ਕੌਰ ਅੰਬਾਲਵੀ, ਅੰਬਾਲਾ (ਭਾਰਤ)**



ਚੱਲੋ ਰਲ ਕੇ ਝੰਡਾ ਚੁੱਕੀਏ, ਮਾਂ ਬੋਲੀ ਪੰਜਾਬੀ ਦਾ।
ਰੰਗ ਕਦੇ ਨਾ ਹੋਣ ਦਿਆਂਗੇ, ਫਿੱਕਾ ਫੁੱਲ ਗੁਲਾਬੀ ਦਾ।

ਇਸ ਦਾ ਤੇਜ ਸਦਾ ਹੈ ਰਹਿਣਾ, ਚੰਨ ਸੂਰਜ ਦੇ ਵਾਂਗੂੰ ਹੀ,
ਸਿਰ 'ਤੇ ਛਤਰ ਰਹੇ ਨਿੱਤ ਝੁੱਲਦਾ, ਇਹਦੇ ਠਾਠ ਨਵਾਬੀ ਦਾ।

ਥਾਂ-ਥਾਂ ਉੱਤੇ ਬਾਲ ਮਿਸ਼ਾਲਾਂ, ਵੰਡੀਏ ਇਹਦੇ ਚਾਨਣ ਨੂੰ,
ਤੇਜ਼ ਹੋਣ ਨਹੀ ਦੇਣਾ ਮੱਧਮ, ਬਲਦੀ ਏਸ ਮਤਾਬੀ ਦਾ

ਹੋਕਾ ਦੇਣੋ ਪਹਿਲਾਂ ਕਿਧਰੇ, ਖ਼ੁਦ ਦੀ ਰਗ ਪਛਾਣ ਲਈਏ
ਤਾਂ ਹੀ ਫੇਰ ਸੁਧਾਰ ਹੋਏਗਾ, ਆਈ ਬਾਹਰ ਖਰਾਬੀ ਦਾ।

ਜੁੱਗੋ-ਜੁੱਗ ਜੀਊਂਦੀ ਰਹਿਣੀ, ਮਾਂ ਬੋਲੀ ਇਹ ਪਿਆਰੀ ਤਾਂ,
ਜੇ ਰੱਖਿਆ ਇਹਦੇ ਪੁੱਤਾਂ ਨੇ, ਹੁਸਨ ਕਾਇਮ ਅਦਾਬੀ ਦਾ।

ਹੀਰੇ ਕੋਹਿਨੂਰ ਵਾਂਗਰਾਂ, ਦੇਸ਼ ਵਿਦੇਸ਼ੀਂ ਚਮਕੇ ਇਹ,
ਝੱਲਿਆ ਜਾਣਾ ਨਹੀ ਜਲਾਲ, ਇਸਦੇ ਰੂਪ ਖਿਤਾਬੀ ਦਾ।

ਭਿੰਨਾ-ਭਿੰਨਾ ਰਸ ਘੋਲਦੀ, ਹੈ ਕੰਨੀ 'ਮਨਜੀਤ' ਕਹੇ,
ਸੁਰ ਮਿੱਠਾ ਜਿਹਾ ਜਦੋਂ ਸੁਣੀਂਦਾ, ਇਸ ਦੀ ਤਾਨ ਰਬਾਬੀ ਦਾ।

# ਪੰਜਾਬੀ ਭਾਸ਼ਾ ਬਾਰੇ ਕੁਝ ਗੱਲਾਂ

**ਡਾ. ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)**

ਪੰਜਾਬੀ ਉਸ ਦੇ ਬੋਲਣ ਵਾਲਿਆਂ ਦੀ ਸਭਿਅਤਾ ਅਤੇ ਵਿਰਾਸਤ ਦੀ ਨਿਸ਼ਾਨੀ ਹੈ। ਪੰਜਾਬੀ ਦੀ ਲਿਪੀ (ਗੁਰਮੁਖੀ) ਇਸ ਸਭਿਅਤਾ ਦੇ ਮਾਣਮੱਤੇ ਇਤਿਹਾਸ ਅਤੇ ਕਦਰਾਂ ਕੀਮਤਾਂ ਬਾਰੇ ਦਸਦੀ ਹੈ। ਭਾਰਤ, ਪਾਕਿਸਤਾਨ ਅਤੇ ਕਈ ਹੋਰ ਮੁਲਕਾਂ ਦੇ ਲਗਭਗ 15 ਕਰੋੜ (150 ਮਿਲੀਅਨ) ਲੋਕ ਪੰਜਾਬੀ ਬੋਲਦੇ ਹਨ। ਦੁਨੀਆਂ ਦੀਆਂ ਭਾਸ਼ਾਵਾਂ ਵਿਚ ਇਸ ਭਾਸ਼ਾ ਦਾ ਦਸਵਾਂ ਸਥਾਨ ਹੈ। ਇਸ ਇਲਾਕੇ ਵਿਚ ਪੰਜਾਬੀ (ਸ਼ਾਹਮੁਖੀ ਲਿਪੀ ਵਿਚ) ਪ੍ਰਚਲਿਤ ਸੀ। ਸੰਸਕ੍ਰਿਤ ਕੁਝ ਲੋਕਾਂ ਦੀ ਮਲਕੀਅਤ ਸੀ ਅਤੇ ਸ਼ਾਹਮੁਖੀ ਆਮ ਲੋਕਾਂ ਦੀ ਭਾਸ਼ਾ ਸੀ।

ਪੰਜਾਬੀ ਵਿਚ 12-ਵੀਂ ਸਦੀ ਵਿਚ ਸ਼ੇਖ਼ ਫ਼ਰੀਦ ਨੇ ਸਲੋਕ ਸ਼ਾਹਮੁਖੀ ਵਿਚ ਲਿਖੇ ਹਨ ਪਰ ਗੁਰੂ ਨਾਨਕ (1469-1539) ਦੀ ਬਾਣੀ ਸਮਝਣ ਲਈ ਗੁਰਮੁਖੀ ਹੋਂਦ ਵਿਚ ਆਈ। ਗੁਰਮੁਖੀ ਲਿਪੀ ਵਿਚ ਇਸ ਨੂੰ ਲਿਖਣ ਦਾ ਇਕ ਮਿਆਰੀ ਰੂਪ ਗੁਰੂ ਅੰਗਦ (1504-1552) ਨੇ ਤਿਆਰ ਕੀਤਾ। ਸਮੇ ਨਾਲ ਇਹ ਇਕ ਸਾਂਝੀ ਭਾਸ਼ਾ ਬਣ ਗਈ ਜਿਸ ਨੂੰ ਸਭ ਧਰਮਾਂ ਦੇ ਲੋਕ ਬੋਲਣ ਲਗ ਪਏ। ਸਨ 1604 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਰਾਹੀਂ ਗੁਰੂਆਂ ਅਤੇ ਸਭ ਧਰਮਾਂ ਦੇ ਭਗਤਾਂ ਦੀਆਂ (ਗੁਰਮੁਖੀ ਲਿਪੀ ਵਿਚ) ਲਿਖਤਾਂ ਸਧਾਰਣ ਲੋਕਾਂ ਤਕ ਪੁਜ ਗਈਆਂ।

(ਭਾਰਤੀ) ਪੰਜਾਬ ਦੇ ਲਗਭਗ ਚਾਰ ਕਰੋੜ ਲੋਕਾਂ ਅਤੇ ਪੱਛਮੀ ਪੰਜਾਬ ਦੇ ਲਗਭਗ ਨੌਂ ਕਰੋੜ ਵਾਸੀਆਂ ਦੀ ਪੰਜਾਬੀ ਮਾਂ ਬੋਲੀ ਹੈ ਜੋ ਇਨ੍ਹਾ ਦੋ ਸੂਬਿਆਂ ਦੀ ਕੁਲ ਅਬਾਦੀ 45 % ਹੈ। ਹੋਰ ਅਨੇਕਾਂ ਇਲਾਕਿਆਂ ਅਤੇ ਭਾਰਤ ਤੋਂ ਬਾਹਰ ਤਕਰੀਬਨ ਸਭ ਜਗ੍ਹਾ ਪੰਜਾਬੀ ਬੋਲੀ ਜਾਂਦੀ ਹੈ। ਕੈਨੇਡਾ, ਇੰਗਲੈਂਡ ਅਤੇ ਅਸਟ੍ਰੇਲੀਆ ਵਿਚ ਪੰਜਾਬੀ ਤੀਜੀ ਭਾਸ਼ਾ ਹੈ। ਇਨ੍ਹਾਂ ਤਿਨਾਂ ਤੋਂ ਇਲਾਵਾ, ਕੀਨੀਆਂ, ਨੈਰੋਬੀ, ਸਿੰਗਾਪੁਰ, ਮੱਧ-ਪੂਰਬੀ ਮੁਲਕਾਂ ਵਿਚ ਵੀ ਗਏ ਪ੍ਰਵਾਸੀ ਪੰਜਾਬੀ ਬੋਲਦੇ ਹਨ। ਭਾਰਤ ਅਤੇ ਪਾਕਿਸਤਾਨ ਤੋਂ ਬਾਹਰ, ਲਗਭਗ ਦੋ ਕਰੋੜ ਪੰਜਾਬੀ ਵੱਸੇ ਹੋਏ ਹਨ। ਅਜਿਹੇ ਪ੍ਰਮਾਣ ਮਿਲਦੇ ਹਨ ਕਿ ਵੱਡੀ ਗਿਣਤੀ ਵਿਚ 'ਸਿੰਧੂ ਘਾਟੀ ਸਭਿਅਤਾ' ਦੌਰਾਨ ਵੀ ਲੋਕ ਪੰਜਾਬੀ ਬੋਲਦੇ ਸਨ।

ਪੰਜਾਬੀ ਉਪ-ਭਾਸ਼ਾਵਾਂ ਵਿਚੋਂ 'ਮਾਝੀ' ਸਭ ਤੋਂ ਵਧ ਪ੍ਰਚਲਿਤ ਹੈ। ਗੁਰਮੁਖੀ ਲਿਪੀ ਵੀ ਮਾਝੀ ਅਨੁਸਾਰ ਹੈ। 'ਦੋਆਬੀ'-ਪੰਜਾਬੀ ਹੋਸ਼ਿਆਰਪੁਰ, ਜਲੰਧਰ, ਕਪੂਰਥਲਾ, ਨਵਾਂਸ਼ਹਰ ਵਿਚ ਵਧੇਰੇ ਬੋਲੀ ਜਾਂਦੀ ਹੈ। ਸਤਲੁਜ ਦੇ ਦੱਖਣ ਵਲ ਪੰਜਾਬ ਵਿਚ 'ਮਲਾਵੀ'- ਪੰਜਾਬੀ ਪਟਿਆਲਾ, ਰਾਜਪੁਰਾ, ਬਠਿੰਡਾ, ਲੁਧਿਆਣਾ, ਰੋਪੜ, ਸੰਗਰੂਰ, ਮਾਣਸਾ, ਫਿਰੋਜ਼ਪੁਰ, ਫਾਜ਼ਿਲਕਾ, ਮੋਗਾ, ਮੋਹਾਲੀ ਵਿਚ ਪ੍ਰਮੁਖ ਤੌਰ ਤੇ ਬੋਲੀ ਜਾਂਦੀ ਹੈ। ਰਾਜਸਥਾਨੀ, ਪਹਾੜੀ, ਬਾਗੜੀ, ਛਾਛੀ ਅਤੇ ਪੁਆਧੀ ਪੰਜਾਬੀ ਵੀ ਕਾਫ਼ੀ ਲੋਕ ਬੋਲਦੇ ਹਨ। ਜਮੂੰ ਕਸ਼ਮੀਰ ਵਿਚ ਲੋਕ ਡੋਗਰੀ, ਸਰਾਇਕੀ ਅਤੇ ਪਹਾੜੀ ਪੰਜਾਬੀ ਵਰਤਦੇ ਹਨ।

ਪਾਕਿਸਤਾਨ ਵਿਚ ਮਾਝੀ, ਸ਼ਾਹਮੁਖੀ, ਪੋਠੋਹਾਰੀ, ਝੰਗਵੀ ਪੰਜਾਬੀ ਵਧੇਰੇ ਬੋਲੀਆਂ ਜਾਂਦੀਆਂ ਹਨ। ਲਾਹੌਰ, ਗੁਜਰਾਂਵਾਲਾ, ਕਸੂਰ, ਫੈਸਲਾਬਾਦ, ਸਿਆਲਕੋਟ, ਨਾਰੋਵਾਲ, ਹਾਫਿਜ਼ਾਬਾਦ, ਓਕਾਰਾ, ਮੰਡੀ ਬਹਾਊਦੀਨ ਅਤੇ ਨਨਕਾਣਾਂ ਸਾਹਿਬ ਵਿਚ ਵੀ ਵਧੇਰੇ ਮਾਝੀ ਪੰਜਾਬੀ ਬੋਲੀ ਜਾਂਦੀ ਹੈ। ਇਨ੍ਹਾਂ ਦੋਵਾਂ ਮੁਲਕਾਂ ਵਿਚ ਪੰਜਾਬੀ ਬੋਲਣ ਵਾਲੇ ਲਗਭਗ 2 % ਹਨ। ਸਾਰੀ ਦੁਨੀਆਂ ਦੀ ਲਗਭਗ 750 ਕਰੋੜ ਆਬਾਦੀ ਵਿਚੋਂ ਲਗਭਗ 15 ਕਰੋੜ ਪੰਜਾਬੀ ਬੋਲਣ ਵਾਲੇ ਵੀ 2 % ਹੀ ਹਨ। ਦੁਨੀਆਂ ਭਰ ਵਿਚ ਪੰਜਾਬੀ ਭਾਸ਼ਾ ਅਤੇ ਸਭਿਅਤਾ ਦਾ ਪ੍ਰਭਾਵ ਉਨ੍ਹਾਂ ਦੀ ਅਬਾਦੀ ਨਾਲੋਂ ਕਿਤੇ ਜ਼ਿਆਦਾ ਹੈ। ਲੋੜ ਹੈ ਪੰਜਾਬੀ ਭਾਸ਼ਾ ਨੂੰ ਹੀ ਸਾਰੇ ਪੰਜਾਬੀ ਘਰਾਂ ਵਿਚ ਬੋਲਣ ਅਤੇ ਸਕੂਲਾਂ ਵਿਚ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਾਇਆ ਜਾਵੇ।

# ਰੂਹਾਨੀ ਮੁਹੱਬਤ (ਮਿੰਨੀ ਕਹਾਣੀ)

## ਹਰਪ੍ਰੀਤ ਸਿੰਘ ਜਵੰਦਾ, ਵਿੰਨੀਪੈਗ (ਕੈਨੇਡਾ)

ਅਖੀਰ ਕਿੰਨੇ ਸਾਰੇ ਟੈਸਟਾਂ ਮਗਰੋਂ ਰਿਪੋਰਟ ਆ ਹੀ ਗਈ [ ਨਾਲਦੀ ਥੋੜਾ ਉਦਾਸ ਹੋਈ ਜਾਪੀ ਪਰ ਉਹ ਉਸਨੂੰ ਆਖਣ ਲੱਗਾ.."ਫੇਰ ਕੀ ਹੋਇਆ..ਸ਼ਾਇਦ ਉਸ ਅਕਾਲ ਪੁਰਖ ਨੂੰ ਏਹੀ ਮਨਜੂਰ ਸੀ"! ਦੋਵੇਂ ਪੜੇ ਲਿਖੇ ਸਨ..ਸੋਚ ਤੇ ਅਕਾਲ ਪੁਰਖ ਦੀ ਬੜੀ ਹੀ ਜਿਆਦਾ ਬਖਸ਼ਿਸ਼ ਸੀ ਅਤੇ ਸਭ ਤੋਂ ਵੱਧ ਇੱਕ ਦੂਜੇ ਨਾਲ "ਰੂਹਾਨੀ" ਮੁਹੱਬਤ ਕਰਦੇ ਸੀ- "ਜਿਸਮਾਨੀ" ਨਹੀਂ- ਜਿਹੜੀ ਗੱਲ ਗੱਲ ਤੇ ਖੇਰੂੰ-ਖੇਰੂੰ ਹੋ ਜਾਣ ਦਾ ਬਹਾਨਾ ਲੱਭਦੀ ਹੋਵੇ| ਸੋ ਦੋਹਾਂ ਨੇ ਕੁਝ ਦਿਨ ਵਿਚਾਰਾਂ ਕੀਤੀਆਂ! ਫੇਰ ਇੱਕ ਦਿਨ ਮਿੱਥੇ ਟਾਈਮ ਤੇ ਅਕੈਡਮੀਂ ਅੱਪੜ ਗਏ| ਓਹਨਾ ਅੱਗੋਂ ਕਿੰਨੇ ਸਾਰੇ ਨਿੱਕੇ-ਨਿੱਕੇ ਬੱਚੇ ਇੱਕ ਕਮਰੇ ਵਿਚ ਬਿਠਾਏ ਹੋਏ ਸਨ| swry ਬੜੇ ਹੀ ਪਿਆਰੇ, ਕੁਝ ਹੱਸ ਰਹੇ ਤੇ ਕੁਝ ਚੁੱਪ | ਓਹਨਾ ਸਾਰਿਆਂ ਨੂੰ ਆਪਣੇ ਕੋਲ ਬੁਲਾਇਆ..ਸਾਰੇ ਕੋਲ ਆ ਗਏ ਪਰ ਇੱਕ ਨਿੱਕੀ ਜਿਹੀ ਕੁੜੀ ਪਿਛਲੇ ਡੈਸਕ ਤੇ ਬੈਠੀ ਰਹੀ [ ਓਹ ਉਸਨੂੰ ਵੀ ਇਸ਼ਾਰੇ ਨਾਲ ਆਪਣੇ ਕੋਲ ਸੱਦਿਆ, ਪਰ ਉਹ ਅੱਗੋਂ ਕੋਲ ਖਲੋਤੀ ਮੈਡਮ ਵੱਲ ਤੱਕਣ ਲੱਗੀ ! ਮੈਡਮ ਨੇ ਓਹਨਾ ਦੇ ਕੋਲ ਆ ਕੇ ਹੌਲੀ ਜਿਹੀ ਦੱਸਿਆ ਕੇ ਉਸਦੇ ਦੋਵੇਂ ਪੈਰ ਹੈਨੀ..ਜਮਾਂਦਰੂ ਅਪਾਹਜ ਹੈ..ਸਟੇਸ਼ਨ ਤੋਂ ਮਿਲੀ ਸੀ [ ਸਭ ਤੋਂ ਪਿਆਰੀ ਹੋਣ ਦੇ ਬਾਵਜੂਦ ਇਸੇ ਨੁਕਸ ਕਰਕੇ ਇਸਨੂੰ ਕੋਈ ਨੀ ਅਪਣਾਉਂਦਾ !

ਫੇਰ ਫਾਈਨਲ ਸਿਲੈਕਸ਼ਨ ਲਈ ਮੁਖ ਪ੍ਰਬੰਧਕ ਬੀਬੀ ਜੀ ਨੇ ਓਹਨਾ ਨੂੰ ਆਪਣੇ ਦਫਤਰ ਸੱਦਿਆ..! ਏਧਰ ਓਧਰ ਦੀਆਂ ਰਸਮੀਂ ਗੱਲਾਂ ਮਗਰੋਂ ਪੁੱਛਣ ਲੱਗੀ ਕੇ ਫੇਰ ਦੱਸੋ ਕੀ ਸਲਾਹ ਬਣੀ..? ਦੋਹਾਂ ਨੇ ਇੱਕ ਦੂਜੇ ਵੱਲ ਵੇਖਿਆ



ਤੇ ਆਖਣ ਲੱਗੇ ਕੇ ਸਾਨੂੰ ਉਹ ਕੁੜੀ ਪਸੰਦ ਏ ਜਿਸਦੇ ਪੈਰ ਹੈਨੀਂ ਅਸੀ ਉਸਨੂੰ ਅਪਣਾਉਣਾ ਚਾਹੁੰਦੇ ਹਾਂ !

ਹੈਰਾਨ ਹੋਈ ਨੇ ਇੱਕਦਮ ਪੁੱਛ ਲਿਆ ਕੇ ਜਦੋਂ ਸਾਰੇ ਆਸ਼ਰਮ ਵਿਚ ਚੜ੍ਹਦੇ ਤੋਂ ਚੜ੍ਹਦਾ ਤੰਦਰੁਸਤ ਬੱਚਾ ਮੌਜੂਦ ਸੀ ਤਾਂ ਫੇਰ ਤੁਸੀਂ ਓਸੇ ਤੇ ਹੀ ਕਿਓਂ ਉਂਗਲ ਧਰੀ ਜਿਹੜੀ ਤੁਰ ਫਿਰ ਵੀ ਨਹੀਂ ਸਕਦੀ ?

ਕੁਝ ਸੋਚ ਉਹ ਆਖਣ ਲੱਗਾ ਕੇ "ਭੈਣ ਜੀ ਤੁਸਾਂ ਜਿੰਦਗੀ ਦੇ ਹੁਣ ਤੱਕ ਦੇ ਸਫ਼ਰ ਵਿਚ ਕਿੰਨੀਆਂ ਧੀਆਂ ਵੇਖੀਆਂ ਹੋਣਗੀਆਂ ਜਿਹੜੀਆਂ ਮਰਦੇ ਦਮ ਤੱਕ ਮਾਪਿਆਂ ਦੀ ਸੇਵਾ ਕਰਦੀਆਂ ਰਹਿੰਦੀਆਂ ਹੋਣ..ਪਰ ਮੈਂ ਅੱਜ ਉਲਟੇ ਪਾਣੀ ਤਰਨਾ ਚਾਹੁੰਦਾ ਹਾਂ..ਦੁਨੀਆ ਨੂੰ ਇੱਕ ਐਸਾ ਬਾਪ ਬਣ ਕੇ ਵਿਖਾਉਣਾ ਚਾਹੁੰਦਾ ਹਾਂ ਜਿਹੜਾ ਮਰਦੇ ਦਮ ਤੱਕ 'ਇੱਕ ਅਪਾਹਜ ਧੀ' ਦੀ ਸੇਵਾ ਕਰ ਸਕੇ.." ਦਫਤਰ ਦੀ ਖਿੜਕੀ ਤੋਂ ਬਾਹਰ ਭਾਰੀ ਮੀਂਹ ਮਗਰੋਂ ਇੱਕਦਮ ਤਰੋ ਤਾਜਾ ਹੋ ਗਏ ਕਿੰਨੇ ਸਾਰੇ ਫੁਲ-ਬੂਟੇ ਇੱਕ ਦੂਜੇ ਵਿਚ ਵੱਜ ਵੱਜ ਸ਼ਾਇਦ ਇਹ ਸੁਨੇਹਾ ਦੇ ਰਹੇ ਸਨ ਕੇ "ਰੂਹਾਨੀ ਮੁਹੱਬਤ" ਦੂਜਿਆਂ ਦੇ ਔਗੁਣ ਨਜਰਅੰਦਾਜ ਕਰਕੇ ਓਹਨਾ ਨੂੰ ਬਿਨਾ ਸ਼ਰਤ ਆਪਣੀ "ਗੱਲਵੱਕੜੀ" ਵਿਚ ਸਮੋ ਲੈਣ ਦਾ ਹੀ ਨਾਮ ਹੈ!

# ਪਾਠ ਕਰਵਾਉਣਾ ਹੀ ਕਾਫੀ ਹੈ ਜਾਂ ਗੁਰਬਾਣੀ ਪੜ੍ਹ ਸੁਣ ਕੇ ਸਮਝਣੀ ਜ਼ਰੂਰੀ ਹੈ ?

*"ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ॥*
*ਕੋ ਉਪਦੇਸੈ ਕੋ ਦ੍ਰਿੜੈ ਤਿਸ ਕਾ ਹੋਇ ਉਧਾਰੁ॥ "*
(ਗੁਰੂ ਗ੍ਰੰਥ ਸਾਹਿਬ, ਅੰਗ 300)



***ਡਾ. ਕਾਬਲ ਸਿੰਘ***
(ਐਡਮਿੰਟਨ, ਕੈਨੇਡਾ)



***ਡਾ. ਬਲਦੇਵ ਸਿੰਘ***
(ਐਡਮਿੰਟਨ, ਕੈਨੇਡਾ)

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਬਹੁਤੇ ਧਰਮ-ਗ੍ਰੰਥ ਸੰਸਕ੍ਰਿਤ ਜਾਂ ਅਰਬੀ ਵਿੱਚ ਸਨ। ਗੁਰੂ ਸਾਹਿਬਾਨ ਨੇ ਗੁਰਬਾਣੀ ਆਮ ਲੋਕਾਂ ਦੀ ਬੋਲੀ ਵਿਚ ਲਿਖੀ। ਮਨੋਰਥ ਇਹ ਸੀ ਕਿ ਹਰ ਪ੍ਰਾਣੀ ਗੁਰਬਾਣੀ ਵਿਚਲੇ ਧਰਮ-ਗਿਆਨ ਤੋਂ ਸੇਧ ਲੈ ਕੇ ਆਪਣਾ ਜੀਵਨ ਸੁਧਾਰ ਸਕੇ, ਅਤੇ ਇਕ ਨਰੋਏ ਸਮਾਜ ਦੀ ਸਿਰਜਨਾ ਵਿਚ ਆਪਣਾ ਹਿੱਸਾ ਪਾ ਸਕੇ। ਗੁਰੂ ਗ੍ਰੰਥ ਸਾਹਿਬ *'ਪੋਥੀ ਪਰਮੇਸਰ ਕਾ ਥਾਨ'*, ਜਾਗਦੀ ਜੋਤ ਅਤੇ ਆਤਮਿਕ ਗਿਆਨ ਦਾ ਅਥਾਹ ਤੇ ਅਮੁਲ ਭੰਡਾਰ ਹਨ। ਗੁਰਬਾਣੀ-ਗਿਆਨ ਨੂੰ ਗੁਰੂ, ਅੰਮ੍ਰਿਤ ਸ੍ਰੋਵਰ, ਤੀਰਥ ਇਸ਼ਨਾਨ ਅਤੇ ਬਾਣੀ ਪੜ੍ਹਨ ਸੁਣਨ ਨੂੰ ਜੀਵਨ ਦਾ ਮਨੋਰਥ ਦੱਸਿਆ ਗਿਆ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ 1945 ਵਿਚ ਪ੍ਰਵਾਣਿਤ "ਸਿੱਖ ਰਹਿਤ ਮਰਿਆਦਾ" ਅਨੁਸਾਰ ਹਰ ਸਿੱਖ ਗੁਰੂ ਗ੍ਰੰਥ ਸਾਹਿਬ ਦਾ ਸਹਿਜ ਪਾਠ ਕਰਨਾ ਜਾਰੀ ਰਖੇ ਅਤੇ ਜਿੰਨੇ ਸਮੇਂ ਵਿਚ ਹੋ ਸਕੇ ਭੋਗ ਪਾ ਲਵੇ। ਸਹਿਜ ਪਾਠ ਜਾਂ ਅਖੰਡ ਪਾਠ ਪਰਿਵਾਰ ਜਾਂ ਸੰਗਤ ਆਪ ਕਰੇ। ਜੇ ਆਪ ਪਾਠ ਨਹੀਂ ਕਰ ਸਕਦੇ ਤਾਂ ਪਾਠੀਆਂ ਤੋਂ ਸੁਣਿਆ ਜਾ ਸਕਦਾ ਹੈ। ਪਰ ਇਹ ਨਾ ਹੋਵੇ ਕਿ ਪਾਠੀ ਇਕੱਲਾ ਬੈਠ ਕੇ ਪਾਠ ਕਰਦਾ ਰਹੇ ਅਤੇ ਪਰਿਵਾਰ ਜਾਂ ਸੰਗਤ ਵਿਚੋਂ ਕੋਈ ਸੁਣਦਾ ਹੀ ਨਾ ਹੋਵੇ।

ਜਪੁਜੀ ਸਾਹਿਬ ਵਿਚ ਗੁਰਬਾਣੀ ਸੁਣਨ (8 ਤੋਂ 11 ਪਉੜੀਆਂ), ਮੰਨਣ (12 ਤੋਂ 15 ਪਉੜੀਆਂ), ਅਤੇ ਧਰਮੀ-ਜੀਵਨ ਘੜਨ (38ਵੀਂ ਪਉੜੀ) ਬਾਰੇ ਉਪਦੇਸ਼ ਹੈ। ਅਨੰਦੁ ਸਾਹਿਬ (ਅੰਗ 922) ਵਿਚ ਗੁਰੂ ਜੀ ਸਾਨੂੰ ਸਿਖਿਆ ਦਿੰਦੇ ਹਨ "*ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥*" "*ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥*" "*ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥*" ਪੜ੍ਹੀ ਸੁਣੀ ਬਾਣੀ" ਦੀ ਅਰਦਾਸ ਅਸੀਂ ਨਿਤ ਕਰਦੇ ਹਾਂ। "*ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈਂ ਲੇਹ*" ਦੋਹਰੇ ਦਾ ਹਿੱਸਾ ਹੈ। ਭਾਈ ਗੁਰਦਾਸ ਜੀ ਦੀ ਬਾਣੀ ਅਤੇ ਆਮ ਜੀਵਨ ਵਿਚੋਂ ਕੁਝ ਉਦਾਹਰਣਾਂ ਉਪਰਲੀ ਸੋਚ ਨੂੰ ਹੋਰ ਦ੍ਰਿੜ ਕਰਨ ਲਈ ਵਰਣਨ ਹਨ।

*"ਖਾਂਡ ਖਾਂਡ ਕਹੇ ਜਿਹਬਾ ਨਾ ਸਵਾਦ ਮੀਠੋ ਆਵੈ, ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ॥*
*ਬੈਦੁ ਬੈਦੁ ਕਹੈ ਰੋਗ ਮਿਟਨ ਨ ਕਾਹੂ ਕੋ, ਦ੍ਰਬੁ ਦ੍ਰਬੁ ਕਹੇ ਕੋਊ ਦ੍ਰਬੈ ਨ ਬਿਲਾਸ ਹੈ॥*
*ਚੰਦਨੁ ਚੰਦਨੁ ਕਹਤ ਪ੍ਰਗਟੈ ਨ ਸੁਬਾਸ ਬਾਸ, ਚੰਦੁ ਚੰਦੁ ਕਹੇ ਉਜੀਆਰੋ ਨ ਪ੍ਰਗਾਸ ਹੈ॥*
*ਤੈਸੇ ਗਿਆਨ-ਗੋਸਟਿ ਕਹਤ ਨ ਰਹਤ ਪਾਵੈ, ਕਰਨੀ ਪ੍ਰਧਾਨ ਭਾਨ ਉਦਿਤ ਅਕਾਸਿ ਹੈ॥"*

ਕੀ ਸਿਰਫ ਘਰ ਵਿਚ ਰਖਣ ਜਾਂ ਕਿਸੇ ਹੋਰ ਵਿਅਕਤੀ ਦੇ ਵਰਤਣ ਨਾਲ ਸਾਨੂੰ ਖੁਰਾਕ, ਪਾਣੀ, ਦਵਾਈ, ਆਦਿ ਦਾ ਫਾਇਦਾ ਹੋ ਜਾਵੇਗਾ? ਕੀ ਮਾਪੇ ਬੱਚਿਆਂ ਨੂੰ ਸਕੂਲ ਭੇਜਣ ਵੇਲੇ ਕਹਿੰਦੇ ਹਨ ਕਿ ਜਾ ਕੇ ਕੁਝ ਪੜ੍ਹਨਾ-ਲਿਖਣਾ ਨਹੀਂ, ਸਗੋਂ ਜਦੋਂ ਅਧਿਆਪਕ ਪੜ੍ਹਾ ਰਿਹਾ ਹੋਵੇ ਤਾਂ ਆਪ ਖਾਣ ਪੀਣ, ਖੇਡਣ, ਜਾਂ ਗੱਲਾਂ ਕਰਨ ਵਿਚ ਰੁਝੇ ਰਹਿਣਾ? ਕੀ ਅਧਿਆਪਕ ਦੇ ਪੜ੍ਹਾਏ ਹੋਏ ਸਬਕ ਨੂੰ ਬਿਨਾਂ ਸੁਣੇ ਜਾਂ ਸਮਝੇ ਵਿਦਿਆਰਥੀ ਨੂੰ ਪ੍ਰੀਖਿਆ ਵਿਚ ਚੰਗੇ ਨੰਬਰ ਮਿਲ ਸਕਦੇ ਹਨ?

ਬਹੁਤੀ ਵਾਰ ਸਹਿਜ ਪਾਠ ਜਾਂ ਅਖੰਡ ਪਾਠ ਪਾਠੀਆਂ ਤੋਂ ਕਰਵਾਇਆ ਜਾਂਦਾ ਹੈ, ਪਰ ਪਾਠ ਸੁਣਨ ਜਾਂ ਸਮਝਣ ਵੱਲ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਹੈ। ਇਹ ਤਾਂ ਇਸ ਤਰ੍ਹਾਂ ਹੈ ਕਿ ਕਿਸੇ ਨੂੰ ਆਦਰ ਨਾਲ ਸੁਹਣੇ ਕਮਰੇ ਵਿਚ ਵਧੀਆ ਪਲੰਘ ਤੇ ਬਿਠਾ ਕੇ ਕਹਿਣਾ ਕਿ ਤੁਸੀਂ ਬੋਲੀ ਜਾਉ ਪਰ ਅਸੀਂ ਗਲ ਸੁਣਨੀ ਜਾਂ ਸਮਝਣੀ ਨਹੀਂ, ਕਿਉਂਕਿ ਅਸੀਂ ਖਾਣ-ਪੀਣ, ਗੱਲਾਂ ਕਰਨ, ਪ੍ਰਾਹੁਣਿਆਂ ਦੀ ਆਉ-ਭਗਤ ਅਤੇ ਹੋਰ ਕੰਮਾਂ ਵਿਚ ਰੁਝੇ ਹੋਏ ਹਾਂ। ਤੁਸੀਂ ਗਲ ਕਰੋ ਤੇ ਕੋਈ ਧਿਆਨ ਨਾ ਦੇਵੇ ਜਾਂ ਸੁਣਨ ਵਾਲਾ ਹੀ ਨਾਂ ਹੋਵੇ ਤਾਂ ਤੁਸੀਂ ਖਿਝ ਨਹੀਂ ਜਾਵੋਗੇ? ਕੀ ਕੋਈ ਕਲਾਕਾਰ ਸਰੋਤਿਆਂ ਤੋਂ ਬਿਨਾਂ ਕਲਾ ਵਿਖਾਉਂਦਾ ਹੈ? ਪੈਸੇ ਭੇਜ ਕੇ ਪਾਠ ਕਰਵਾਉਣ ਵਿਚ ਤਾਂ ਗੁਰਬਾਣੀ ਪੜ੍ਹਨ, ਸੁਣਨ, ਜਾਂ ਸਮਝਣ ਦਾ ਸੰਕਲਪ ਹੀ ਨਹੀਂ ਰਹਿੰਦਾ। ਸੋਚੋ, ਕੀ ਅਜਿਹਾ ਕਰਨ ਨਾਲ ਅਸੀਂ ਗੁਰੂ ਗ੍ਰੰਥ ਸਾਹਿਬ ਅਤੇ ਗੁਰਬਾਣੀ ਦਾ ਨਿਰਾਦਰ ਤਾਂ ਨਹੀਂ ਕਰ ਰਹੇ?

ਗੁਰਬਾਣੀ ਦੇ ਗਿਆਨ ਤੋਂ ਸਖਣੇ ਰਹਿ ਕੇ ਪਾਠ ਕਰਵਾਉਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਿਰਜੀਵ ਬੁਤ ਵਾਂਗ ਪੂਜਣ, ਸੰਸਾਰਕ ਲੋੜਾਂ ਪੂਰੀਆਂ ਕਰਨ (ਵਿਆਹ, ਮਰਗ, ਗ੍ਰਹਿਪ੍ਰਵੇਸ਼, ਸੁਖਣਾ ਪੂਰੀ ਹੋਣੀ, ਆਦਿ) ਜਾਂ ਵਿਖਾਵਾ ਕਰਨ ਲਈ ਵਰਤਣ ਵਾਂਗ ਹੈ। ਪਾਠ ਦਾ ਅਸਲ ਮਨੋਰਥ ਗੁਰਬਾਣੀ ਨੂੰ ਪੜ੍ਹ ਜਾਂ ਸੁਣ ਕੇ ਸਮਝਣਾ ਹੈ, ਨਾ ਕਿ ਰਸਮ-ਰਿਵਾਜ ਪੂਰੇ ਕਰਨੇ । ਜਿਵੇਂ ਕਿ ਹਰ ਚੀਜ਼ ਸਿੱਖਣ ਵੇਲੇ ਅਕਸਰ ਹੁੰਦਾ ਹੈ, ਪਾਠ ਸਿੱਖਣ ਵੇਲੇ ਵੀ ਪਹਿਲਾਂ ਗਲਤੀਆਂ ਹੋਣੀਆਂ ਸੁਭਾਵਕ ਹਨ। ਪ੍ਰੰਤੂ ਮਿਹਰਵਾਨ ਗੁਰੂ ਆਪਣੇ ਸਿੱਖਾਂ ਦੀਆਂ ਭੁੱਲਾਂ ਬਖਸ਼ ਕੇ ਗਲੇ ਲਾਉਂਦਾ ਹੈ। *"ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ॥"* (ਅੰਗ 1101)। ਵਾਰ ਵਾਰ ਡਿਗਣ ਤੋਂ ਬਾਅਦ ਹੀ ਸ਼ਾਹ ਸਵਾਰ ਬਣੀਦਾ ਹੈ।

ਉਪਰ ਲਿਖੇ ਦਾ ਮੰਤਵ ਪਾਠ ਕਰਨ ਜਾਂ ਕਰਵਾਉਣ ਤੋਂ ਮਨ੍ਹਾ ਕਰਨਾ ਕਦਾਚਿਤ ਨਹੀਂ, ਸਗੋਂ ਗੁਰਬਾਣੀ-ਭਾਵ ਨਾਲ ਜੋੜਨ ਦਾ ਹੈ। ਹੋ ਸਕੇ ਤਾਂ ਪਾਠ ਆਪ ਕਰੀਏ। ਪਾਠੀਆਂ ਅਤੇ ਪ੍ਰਚਾਰਕਾਂ ਨੂੰ ਅਧਿਆਪਕ ਸਮਝ ਕੇ ਉਨ੍ਹਾਂ ਤੋਂ ਪਾਠ ਕਰਨਾ ਸਿੱਖੀਏ ਤੇ ਗੁਰਬਾਣੀ ਦੇ ਅਰਥ ਸਮਝੀਏ। ਵਾਹਿਗੁਰੂ ਜੀ ਸਾਨੂੰ ਗੁਰਬਾਣੀ-ਆਸ਼ੇ ਅਨੁਸਾਰ ਆਪਣਾ ਜੀਵਨ ਜਿਊਣ ਅਤੇ ਸਰਬੱਤ ਦਾ ਭਲਾ ਮੰਗਦੇ ਹੋਏ ਸਮਾਜ-ਸੇਵਾ ਕਰਨ ਦੀ ਸੁਮੱਤ ਬਖਸ਼ਣ, ਇਹੀ ਅਰਦਾਸ ਹੈ।

## ਗੁਰਪੁਰਬ ਤੇ ਵਿਸ਼ੇਸ਼

# ਲੱਥਣਾ ਨਹੀਂ ਰਿਣ ਸਾਥੋਂ (ਗੀਤ)

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)

ਲੱਥਣਾ ਨਹੀਂ ਰਿਣ ਸਾਥੋਂ, ਬਾਜਾਂ ਵਾਲੇ ਮਾਹੀ ਦਾ।
ਰੋਮ ਰੋਮ ਰਿਣੀ ਓਸ, ਸੰਤ ਸਿਪਾਹੀ ਦਾ।

ਕਿਹੜਾ ਪੁੱਤ ਪਿਤਾ ਨੂੰ, ਸ਼ਹੀਦੀ ਲਈ ਤੋਰਦਾ?
ਰੰਗਲੇ ਸੁਪਨਿਆਂ ਨੂੰ, ਕੌਣ ਹੱਥੀਂ ਖੋਰਦਾ?
ਏਨਾ ਵੱਡਾ ਜੇਰਾ ਦੱਸੋ, ਕਿੱਥੋਂ ਹੈ ਲਿਆਈਦਾ?
ਲੱਥਣਾ......

ਜੱਗ ਉਤੇ ਪੁੱਤਾਂ ਦੀਆਂ, ਦਾਤਾਂ ਨੇ ਪਿਆਰੀਆਂ।
ਹੱਸ ਹੱਸ ਕਿਸੇ ਨੇ ਨਾ, ਕੌਮ ਉਤੋਂ ਵਾਰੀਆਂ।
'ਪੁੱਤਰਾਂ ਦਾ ਦਾਨੀ' ਕਿਤੇ, ਐਵੇਂ ਨਹੀਂ ਕਹਾਈਦਾ
ਲੱਥਣਾ......

ਆਪੇ ਗੁਰ ਚੇਲੇ ਵਾਲਾ, ਸਬਕ ਪੜ੍ਹਾ ਗਿਆ।
ਇੱਕ ਇੱਕ ਸਿੰਘ ਸਵਾ, ਲੱਖ ਨਾਲ ਲੜਾ ਗਿਆ।
ਪੁੱਤਾਂ ਅਤੇ ਸਿੰਘਾਂ ਵਿੱਚ, ਫਰਕ ਨਹੀਂ ਪਾਈਦਾ
ਲੱਥਣਾ......

ਦੇਸ਼ 'ਚੋਂ ਗੁਲਾਮੀ ਵਾਲੇ, ਸੰਗਲਾਂ ਨੂੰ ਤੋੜਿਆ।
ਓਹਦੇ 'ਪੰਥ ਖਾਲਸੇ' ਰਾਹ, ਜ਼ੁਲਮਾਂ ਦਾ ਮੋੜਿਆ।
ਵਾਰ ਸਰਬੰਸ ਕਿਵੇਂ, ਸ਼ੁਕਰ ਮਨਾਈਦਾ?
ਲੱਥਣਾ....

ਪੈਰਾਂ ਵਿੱਚ ਛਾਲੇ, ਪਰ ਮਨ ਵਿੱਚ ਧੀਰ ਏ।
ਚੜ੍ਹਦੀ ਕਲਾ 'ਚ 'ਦੀਸ਼', ਓਸ ਦੀ ਜ਼ਮੀਰ ਏ।
ਕੰਡਿਆਂ ਦੀ ਸੇਜ ਉਤੇ, ਗੀਤ ਕਿੱਦਾਂ ਗਾਈਦਾ?
ਲੱਥਣਾ......

# "ਬਾਲ ਬੁਧਿ ਸੁਖੁ ਰੇ"




**ਸੁਰਜੀਤ ਸਿੰਘ ਵਿਰਕ, ਸਰੀ –**

**ਬੀ. ਸੀ. (ਕੈਨੇਡਾ)**


ਜਿਸ ਘਰ ਚ ਅਸੀਂ ਰਹਿੰਦੇ ਹਾਂ ਉਹਦੇ ਵਿਚਕਾਰ ਇਕ ਕੰਧ ਹੈ ਤੇ ਕੰਧ ਦੇ ਵਿਚਕਾਰ ਦਰਵਾਜ਼ਾ । ਦੋ ਕੁ ਦਿਨ ਹੋਏ ਤਾਂ ਛੋਟੀ ਪੋਤਰੀ ਕਾਫ਼ੀ ਉੱਚੀ ਉੱਚੀ ਹੋ ਰਹੀ ਸੀ । ਉਹਦੀ ਮਾਂ ਘਰੇ ਹੀ ਸੀ ਤੇ ਮੈ ਵਿੱਚ ਬੋਲਣਾ ਜਾਂ ਉਠ ਕੇ ਉਹਨੂੰ ਵਰਾਉਣਾ ਠੀਕ ਨਹੀਂ ਸਮਝਿਆ । ਕੋਈ 15 ਕੁ ਮਿੰਟ ਬਾਅਦ ਪੋਤਰੀ ਮੇਰੇ ਕੋਲ ਆਈ ਤੇ ਮੈ ਉਹਨੂੰ ਪੁੱਛਿਆ ਕਿ ਤੂੰ ਰੋ ਕਿਉਂ ਰਹੀ ਸੀ ? ਉਹ ਕਹਿੰਦੀ ਨਹੀਂ ਮੈ ਕਦੋਂ ਰੋ ਰਹੀ ਹਾਂ ? ਮੈ ਕਿਹਾ ਹੁਣ ਨਹੀਂ ਤੂੰ 15 ਕੁ ਮਿੰਟ ਹੋਏ ਤੇ ਉਦੋਂ ਰੋ ਰਹੀ ਸੀ । ਕੀ ਕਾਰਨ ਸੀ ਤੇਰੇ ਰੋਣ ਦਾ ? ਉਹ ਮੈਨੂੰ ਮੋਹਰਿਉਂ ਕਹਿੰਦੀ ਕਿ ਬਾਬਾ ਜੀ ਮੈਨੂੰ ਯਾਦ ਨਹੀਂ । ਕਮਾਲ ਦਾ ਹੈ ਬਚਪਨਾ । ਕੁਦਰਤ ਨੇ ਕਿੰਨੀ ਕਮਾਲ ਦੀ ਕਾਰੀਗਰੀ ਕੀਤੀ ਹੈ ਕਿ ਬੱਚਾ ਕਿੰਨਾ ਅਣਭੋਲ ਹੁੰਦਾ । ਉਹਦੇ ਅੰਦਰ ਕਿਸੇ ਲਈ ਨਫ਼ਰਤ ਗ਼ੁੱਸਾ ਰੋਸਾ ਨਹੀਂ ਹੁੰਦਾ । ਉਹਦੇ ਅੰਦਰ ਬੇਪਰਵਾਹੀ ਅਮੀਰੀ ਪਿਆਰ ਦਾ ਖਜਾਨਾ ਖੇੜਾ ਅਨੰਦ ਤੇ ਸੱਭ ਨੂੰ ਮੋਹ ਲੈਣ ਵਾਲਾ ਚਿਹਰਾ । ਬੱਚਾ ਕੋਈ ਵੀ ਹੋਵੇ ਕਿੰਨਾ ਵੀ ਲਿੱਬੜਿਆ ਹੋਵੇ ਹਮੇਸ਼ਾ ਪਿਆਰਾ ਲਗਦਾ । ਬੇਪਰਵਾਹ ਹੁੰਦਾ ।

ਜੇ ਆਪਾਂ ਆਪਣੇ ਮਨ ਵਾਰੇ ਵਿਚਾਰ ਕਰੀਏ ਤਾਂ ਸਾਡੇ ਸਾਰੇ ਦੁੱਖ ਸੁੱਖ, ਅਮੀਰੀ ਗਰੀਬੀ ਦੁਸ਼ਮਣ ਮਿੱਤਰ ਰਿਸ਼ਤੇਦਾਰੀਆਂ ਤੇ ਸਾਰਾ ਸੰਸਾਰ ਸਾਡੀ ਯਾਦ ਵਿੱਚ ਵੱਸਦਾ । ਸਾਡੇ ਮਨ ਚਿੱਤ ਚ ਸਾਰਾ ਸੰਸਾਰ ਸਮਾਇਆ ਹੋਇਆ । ਜੋ ਯਾਦ ਨਹੀਂ ਉਹਦਾ ਦੁੱਖ ਨਹੀਂ ਕੋਈ ਸੁੱਖ ਨਹੀਂ । ਬੈਠੇ ਬੈਠੇ ਨੂੰ ਕੋਈ ਪੁਰਾਣੀ ਗੱਲ ਯਾਦ ਆ ਜਾਵੇ ਤਾਂ ਮਨ ਇਕਦਮ ਅਸਰ ਕਬੂਲ ਲੈਂਦਾ ਤੇ ਸਾਨੂੰ ਇਹ ਚੇਤਾ ਵੀ ਨਹੀਂ ਰਹਿੰਦਾ ਕਿ ਇਹ ਗੱਲ ਤਾਂ ਦਹਾਕੇ ਪਹਿਲਾਂ ਹੋਈ ਸੀ । ਖਿਆਲ ਲਈ ਸਮਾਂ ਕੋਈ ਚੀਜ਼ ਨਹੀਂ । ਇਹ ਜੁਆਨੀ ਦੇ ਇਸ਼ਕ ਨੂੰ ਲੈ ਕੇ ਉਹਦੇ ਤੇ ਗੀਤ ਲਿਖ ਸਕਦਾ। ਰੋ ਸਕਦਾ ਹੱਸ ਸਕਦਾ । ਕੋਲ ਬੈਠੇ ਬੰਦੇ ਦਾ ਚੇਤਾ ਹੀ ਨਹੀਂ ਹੁੰਦਾ ਕਿਉਂਕਿ ਅਸੀਂ ਆਪਣੇ ਖਿਆਲ ਚ ਡੁੱਬੇ ਹੁੰਦੇ ਹਾਂ ।

ਅਸੀਂ ਜਿਉਂ ਜਿਉਂ ਵੱਡੇ ਹੁੰਦੇ ਹਾਂ ਇਉਂ ਇਉਂ ਸਾਡੇ ਅੰਦਰ ਇਕ ਦੂਜੇ ਪ੍ਰਤੀ ਰੋਸੇ ਗ਼ੁੱਸੇ ਸਾੜਾ ਨਫ਼ਰਤ ਦੁਸ਼ਮਣੀਆਂ ਵਧਦੀਆਂ ਜਾਂਦੀਆਂ ਹਨ ਜੋ ਸਾਡੇ ਅੰਦਰਲੀ ਖੁਸ਼ੀ ਪਿਆਰ ਅਨੰਦ ਖੇੜੇ ਤੰਦਰੁਸਤੀ ਨੂੰ ਖਤਮ ਕਰ ਦਿੰਦੀਆਂ । ਮਨੁੱਖ ਬਿਨਾ ਵਜਾ ਦੇ ਇਹ ਭਾਰ ਚੁੱਕੀ ਫਿਰਦਾ । ਪਹਿਲਾਂ ਗੁਆਂਢੀਆਂ ਤੋਂ ਸ਼ੁਰੂ ਹੋ ਕੇ ਦੇਸ਼ਾਂ ਵਿਦੇਸ਼ਾਂ ਤੱਕ ਵੈਰ-ਵਿਰੋਧ ਪਾਲ੍ਹੀ ਬੈਠਾ । ਜਿੰਨਾ ਨੂੰ ਕਦੀ ਦੇਖਿਆ ਨਹੀਂ , ਕਦੀ ਦੇਖਣਾ ਨਹੀਂ ਉਹ ਵੀ ਸਾਡੇ ਚੇਤੇ ਚ ਸਾਡੇ ਵੈਰੀ ਨੇ , ਅੰਦਰ ਸਾੜਾ ਹੈ । ਕਮਾਲ ਹੈ ਬੰਦਾ ਕਿੰਨਾ ਭਾਰ ਚੁੱਕੀ ਫਿਰਦਾ । ਇਹ ਉਹੀ ਬੱਚਾ ਹੈ ਜੋ ਕੱਲ ਬੇਪਰਵਾਹ ਰੰਗ ਚ ਕਿਸੇ ਗੱਲ ਨੂੰ ਚੇਤੇ ਚ ਨਹੀਂ ਸੀ ਰੱਖਦਾ ਤੇ ਹਮੇਸ਼ਾ ਅਮੀਰੀ ਬਾਦਸ਼ਾਹੀ ਭੋਗਦਾ ਸੀ ਤੇ ਚੇਤੇ ਕਰਕੇ ਹੁਣ ਉਹੀ ਵੱਡਾ ਹੋ ਕੇ ਸਾਰਾ ਕੁਝ ਕੋਲ ਹੁੰਦੇ ਹੋਏ ਵੀ ਦੁਖੀ ਹੈ ।

ਪਾਇਓ ਬਾਲ ਬੁਧਿ ਸੁਖੁ ਰੇ ॥

ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨੁ ਭਰੇ ॥

ਜਉ ਲਉ ਪੋਟ ਉਠਾਈ ਚਲਿਅਉ ਤਉ ਲਉ ਡਾਨ ਭਰੇ ॥

ਪੋਟ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ ਨਿਰਭਏ ॥੪॥੧॥੧੫੯॥

ਸ੍ਰੀ ਗੁਰੂ ਗ੍ਰੰਥ ਸਾਹਿਬ

ਰਾਗੁ ਗਉੜੀ ਮਹਲਾ 5 (ਅੰਗ 214)

ਕਿੰਨਾ ਸੁੱਖ ਸੀ ਬਾਲ ਬੁੱਧ ਵਿੱਚ ਤੇ ਹੁਣ ? ਮੇਰੀ ਸੋਚ ਮੈਨੂੰ ਦੁੱਖਾਂ ਚ ਹੀ ਫਸਾਈ ਰੱਖਦੀ ਹੈ । ਜਿੰਨਾ ਚਿਰ ਇਹ ਪੰਡ ਸਿਰ ਤੇ ਚੁੱਕੀ ਫਿਰਦਾ ਸੀ ਉਨਾਂ ਚਿਰ ਮਾਨੋ ਡੰਨ ਭਰਿਆ ਤੇ ਹੁਣ ਮੈ ਉਹ ਪੰਡ ਲਾ ਕੇ ਸਿੱਟ ਦਿੱਤੀ ਹੈ । ਪੂਰੇ ਗੁਰੂ ਨੇ ਮੈਨੂੰ ਨਿਰਭਉ ਕਰ ਦਿੱਤਾ ਹੈ । ਮੇਰਾ ਕਿਸੇ ਨਾਲ ਕੋਈ ਰੋਸਾ ਗ਼ੁੱਸਾ ਸਾੜਾ ਨਹੀਂ ਰਹਿ ਗਿਆ । ਮੇਰੇ ਅੰਦਰ ਦੁਬਾਰਾ ਫੇਰ ਉਹੀ ਬਚਪਨਾ ਆ ਗਿਆ ਹੈ । ਮੈਨੂੰ ਉਹ ਕੁਝ ਯਾਦ ਨਹੀ ਰਹਿੰਦਾ ਜੋ ਮੇਰੇ ਮਨ ਨੂੰ ਦੁਖੀ ਕਰੇ ਤੇ ਹੁਣ ਮੈ ਅਨੰਦ ਵਿੱਚ ਹਾਂ ।



# ੴ

**ਦਵਿੰਦਰ ਕੌਰ, ਟੋਰੰਟੋ ( (ਕੈਨੇਡਾ)**

ਇੱਕ ਓਅੰਕਾਰ ਤੋਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਜਪੁਜੀ ਸਾਹਿਬ ਸ਼ੁਰੂ ਕੀਤੀ, ਇਸ ਬਾਣੀ ਤੋਂ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ ਹੁੰਦੀ ਹੈ। ੴ ਤੋਂ ਲੈਕੇ ਮੂਲਮੰਤਰ ਦੇ ਗੁਰੂ ਪ੍ਸਾਦਿ ਤੱਕ ਬਾਣੀ ਰਾਹੀਂ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਕੁੱਝ ਰਹੱਸ ਜਗਤ ਨਾਲ ਸਾਂਝੇ ਕੀਤੇ ਹਨ ਜਿਸ ਨਾਲ ਜੀਵਾਂ ਨੂੰ ਆਪਣੇ ਮੂਲ, ਪੈਦਾ ਕਰਨ ਵਾਲੇ ਦੀ ਜਾਣਕਾਰੀ ਮਿਲੀ ਹੈ ਪਰ ਉਸ ਨਾਲ ਮਿਲਾਪ ਉਸਦੇ ਅਨੁਭਵ, ਉਹਦੀ ਰਹਿਮਤ ਨਾਲ ਹੀ ਸੰਭਵ ਹੋ ਸਕਦਾ ਹੈ। ੴ ਦੀ ਪੂਰੀ ਸਹੀ ਵਿਆਖਿਆ ਕਰ ਦੇਣੀ ਇਕ ਇਨਸਾਨ ਦੇ ਵੱਸ ਦੀ ਗੱਲ ਨਹੀਂ ਕਿਉਂਕਿ ਇਹਦਾ ਮਤਲਬ ਹੋਵੇਗਾ ਕਿ ਅਸੀਂ ਗੁਰੂ ਨਾਨਕ ਦੇਵ ਜੀ ਦੇ ਮਨ ਨੂੰ ਜਾਣ ਲਿਆ ਕਿ ਕੀ ਸਮਝਾ ਰਹੇ ਹਨ। ਵਾਹਿਗੁਰੂ ਜੀ ਵੱਲੋਂ ਬਖਸ਼ੀ ਬੁੱਧੀ ਰਾਹੀਂ ਜਿੰਨਾ ਕੁ ਸਮਝ ਪਿਆ ਹੈ ਉਹ ਇਸ ਤਰ੍ਹਾਂ ਹੈ।

ੴ ਜਿੱਥੇ ਵੀ ਦੇਖਦੇ ਹਾਂ ਸਾਡਾ ਧਿਆਨ ਇੱਕ ਦਮ ਉਸ ਇੱਕ ਰੱਬ ਵੱਲ ਖਿੱਚਿਆ ਜਾਂਦਾ ਹੈ ਜਿਸਨੇ ਪਹਿਲਾਂ ਆਪ ਨੂੰ ਆਪਣੇ ਆਪ ਤੋਂ ਪੈਦਾ ਕੀਤਾ ਤੇ ਫ਼ਿਰ ਭਿੰਨ ਭਿੰਨ ਪ੍ਰਕਾਰ ਦੇ ਜੀਵ ਜੰਤੂਆਂ ਦੀ ਰਚਨਾ ਕਰਕੇ ਜਗਤ ਦੀ ਖੇਡ ਰਚ ਕੇ ਵਿੱਚ ਆਪ ਸਮਾ ਗਿਆ। ਗੁਰੂ ਨਾਨਕ ਦੇਵ ਜੀ ਨੇ ਸਿਰਫ ਇੱਕ ਦਾ ਹਿੰਦਸਾ ਲੈਕੇ ਤੇ ਇੱਕ ਗੁਰਮੁਖੀ ਦਾ ਅੱਖਰ ਲੈਕੇ (੧ਓ) ਉਸ ਪਰਮੇਸ਼ੁਰ ਬਾਰੇ ਜਗਤ ਨੂੰ ਸਮਝਾ ਦਿੱਤਾ ਜਿਸ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ।

੧ ਪਰਮੇਸ਼ੁਰ ਆਪ ਹੈ ਜੋ ਪੂਰਣ ਹੈ (ਗੁਰੂ ਨਾਨਕ ਦੇਵ ਜੀ ਦਾ ਸੰਖਿਆ ਦਾ ੧ ਵਰਤਣਾ ਤਾਂ ਕਿ ਉਹ ੧ (ਇੱਕ) ਹੈ ਉਹਨੂੰ ਲਿਖਿਆ ਵੀ ਸੰਖਿਆ ਦਾ ਇੱਕ ਹਿੰਦਸਾ ਲੈਕੇ। ਜੇਕਰ ਅੱਖਰਾਂ ਰਾਹੀਂ ਲਿੱਖਦੇ ,ਫਿਰ ਇੱਕ ਲਿਖਣ ਲੱਗਿਆਂ ਦੋ ਅੱਖਰ ਵਰਤ ਹੁੰਦੇ ਹਨ,ਦੂਸਰਾ ਅੱਖਰ ਵਰਤਣ ਨਾਲ ਲਿਖਣ ਵਿੱਚ ਤਬਦੀਲੀ ਕੀਤੀ ਜਾ ਸਕਦੀ ਸੀ ਪਰ ਸੰਖਿਆ ਵਿੱਚ ੧ ਨੂੰ ੧ ਹੀ ਲਿਖਿਆ ਜਾ ਸਕਦਾ ਹੈ।)

ਓ ਉਤਪਤੀ, ਵਿਨਾਸ਼, ਸਮਾਈ (ਗੁਰਮੁਖ ਹੋਇਆਂ ਹੈ) ਆਵਾਗਵਨ (ਮਨਮੁਖ ਲਈ) ਨਿਰੰਤਰ ਜਾਰੀ ਹੈ। ਇੱਥੇ ਓ ਇਹ ਵਾਲਾ ਨਹੀਂ ਵਰਤਿਆ ਕਿਉਂ ਕਿ ਇਹ ਕਿਸੇ ਪ੍ਰਕਿਰਿਆ ਨੂੰ ਨਹੀਂ ਦਰਸਾ ਰਿਹਾ ਪਰ ਓ ਪਰਮੇਸ਼ੁਰ ਦੇ ਸਰਗੁਣ ਸਰੂਪ ਵਿੱਚ ਉਤਪਤੀ ਤੇ ਵਿਨਾਸ਼ ਨਿਰੰਤਰ ਜਾਰੀ ਹੈ, ਕਾਰਜ ਸੰਪੂਰਨ ਨਹੀਂ ਹੈ ਤੇ ਓ ਦੀ ਬਣਤਰ ਓ ਵਾਂਗ ਪੂਰੀ ਨਹੀਂ ਹੈ।

# ਰੱਬ ਦੇ ਰੰਗ (ਮਿੰਨੀ ਕਹਾਣੀ)

**ਮਨਪ੍ਰੀਤ ਕੌਰ ਭਾਟੀਆ, ਫ਼ਿਰੋਜ਼ਪੁਰ (ਭਾਰਤ)**



ਆਪਣੇ ਪਤੀ ਸੰਜੀਵ ਦੇ ਇੱਕ ਕੁਆਰੀ ਕੁੜੀ ਸੋਨੀਆ ਨਾਲ ਪ੍ਰੇਮ ਸੰਬੰਧਾਂ ਬਾਰੇ ਜਦ ਸੁਜਾਤਾ ਨੂੰ ਪਤਾ ਲੱਗਾ ਤਾਂ ਉਹ ਬਹੁਤ ਰੋਈ - ਕੁਰਲਾਈ ਤੇ ਬਹੁਤ ਕਲੇਸ਼ ਕੀਤਾ। ਸੰਜੀਵ ਨੂੰ ਪਿਆਰ ਨਾਲ ਸਮਝਾਉਣ ਦੀ ਵੀ ਉਸ ਨੇ ਬਹੁਤ ਕੋਸ਼ਿਸ਼ ਕੀਤੀ। ਪਰ ਸੰਜੀਵ ਤੇ ਕੋਈ ਅਸਰ ਨਾ ਹੋਇਆ। ਕਲੇਸ਼ ਦਿਨ -ਬਦਿਨ ਵੱਧਦਾ ਗਿਆ ਤੇ ਤਲਾਕ ਦੀ ਨੌਬਤ ਆ ਗਈ। ਸੁਜਾਤਾ ਰੋਂਦੀ- ਧੋਂਦੀ ਆਪਣੇ ਦੋਵੇਂ ਛੋਟੇ- ਛੋਟੇ ਬੱਚੇ ਲੈ ਕੇ ਪੇਕੇ ਘਰ ਚਲੀ ਗਈ। ਤਲਾਕ ਤੋਂ ਬਾਅਦ ਸੰਜੀਵ ਬਹੁਤ ਹੀ ਖੁਸ਼ ਸੀ । ਉਸ ਦੀ ਸੋਨੀਆ ਨਾਲ ਹੋਰ ਵੀ ਨੇੜਤਾ ਵੱਧ ਗਈ । ਵਕਤ ਗੁਜ਼ਰਦਾ ਗਿਆ। ਹੁਣ ਸੰਜੀਵ ਨੇ ਸੋਨੀਆ ਨੂੰ ਜਲਦੀ ਨਾਲ ਵਿਆਹ ਕਰਵਾਉਣ ਲਈ ਕਿਹਾ ਕਿਉਂਕਿ ਉਹ ਇਕੱਲਾ ਰਹਿ- ਰਹਿ ਤੰਗ ਆ ਗਿਆ ਸੀ । ਸੋਨੀਆ ਚੁੱਪ ਰਹੀ ਤੇ ਉਸ ਤੋਂ ਬਾਅਦ ਦੋ ਤਿੰਨ ਦਿਨ ਤੱਕ ਉਸ ਨਾਲ ਉਸ ਦੀ ਗੱਲ ਨਾ ਹੋ ਸਕੀ।

ਤੀਜੇ ਦਿਨ ਜਦ ਅਚਾਨਕ ਸੰਜੀਵ ਨੂੰ ਪਤਾ ਲੱਗਾ ਕਿ ਸੋਨੀਆਂ ਨੇ ਤਾਂ ਬਾਹਰੋਂ ਆਏ ਅਮੀਰ ਮੁੰਡੇ ਨਾਲ ਵਿਆਹ ਕਰਵਾ ਲਿਆ ਤਾਂ ਉਸ ਦੀ ਤਾਂ ਖਾਨਿਓਂ ਗਈ। ਕਈ ਦਿਨਾਂ ਦੀ ਜੱਦੋ- ਜਹਿਦ ਤੋਂ ਬਾਅਦ ਬਹੁਤ ਮੁਸ਼ਕਲ ਨਾਲ ਸੋਨੀਆ ਨੇ ਉਸ ਦਾ ਫੋਨ ਚੁੱਕਿਆ । "ਸੰਜੀਵ, ਮੈਂ ਕੀ ਕਰਦੀ ਮੇਰੇ ਲੱਖ ਕੋਸ਼ਿਸ਼ ਦੇ ਬਾਵਜੂਦ ਵੀ ਮੇਰੇ ਘਰ ਦੇ ਇੱਕ ਵਿਆਹੇ ਹੋਏ, ਦੋ ਬੱਚਿਆਂ ਦੇ ਪਿਓ ਤੇ ਮੇਰੇ ਤੋਂ ਉਮਰ ਚ ਵੱਡੇ ਆਦਮੀ ਨਾਲ ਕਿਸੇ ਹਾਲ ਚ ਵੀ ਮੇਰਾ ਵਿਆਹ ਕਰਨ ਲਈ ਤਿਆਰ ਨਹੀਂ ਸੀ । ਇਸ ਲਈ ਉਨ੍ਹਾਂ ਦੀ ਮੰਨ ਕੇ ਮੈਨੂੰ .....।" "ਪਰ ਸੋਨੀਆ ..... ਸੋਨੀਆ ! ਮੈ ਤਾਂ ਤੇਰੀ ਖਾਤਰ .......।" "ਦੇਖ ਸੰਜੀਵ! ਹੁਣ ਤੂੰ ਮੈਨੂੰ ਭੁੱਲ ਜਾ । ਉਸ 'ਚ ਹੀ ਤੇਰੀ ਭਲਾਈ ਹੈ। ਮੈਂ ਵੀ ਤੈਨੂੰ ਜਲਦੀ ਹੀ ਭੁੱਲਣ ਦੀ ਕੋਸ਼ਿਸ਼ ਕਰਾਂਗੀ । ਅੱਜ ਤੋਂ ਬਾਅਦ ਮੈਨੂੰ ਕਦੇ ਵੀ ਫੋਨ ਨਾ ਕਰੀਂ । ਵੈਸੇ ਵੀ ਤੈਨੂੰ ਬਲਾਕ ਕਰਨ ਲੱਗੀ ਆਂ ।" ਕਹਿ ਕੇ ਸੋਨੀਆ ਨੇ ਜਲਦੀ ਨਾਲ ਫੋਨ ਕੱਟ ਦਿੱਤਾ । ਸੰਜੀਵ ਦਾ ਸਿਰ ਚਕਰਾ ਗਿਆ ।

ਉਸ ਦੀਆਂ ਅੱਖਾਂ ਅੱਗੇ ਰੋਂਦੀ ਹੋਈ ਸੁਜਾਤਾ ਤੇ ਆਪਣੇ ਮਾਸੂਮ ਬੱਚਿਆਂ ਦਾ ਚਿਹਰਾ ਘੁੰਮਿਆਂ। ਉਸ ਨੇ ਜਲਦੀ ਨਾਲ ਸੁਜਾਤਾ ਦਾ ਨੰਬਰ ਡਾਇਲ ਕੀਤਾ ਤਾਂ ਕਿ ਉਸ ਤੋਂ ਮੁਆਫ਼ੀ ਮੰਗ ਸਕੇ ।ਪਰ ਉਸ ਦਾ ਫੋਨ ਸਵਿੱਚ ਆਫ ਆ ਰਿਹਾ ਸੀ। ਉਸ ਨੇ ਆਪਣੇ ਸਹੁਰੇ ਦਾ ਨੰਬਰ ਡਾਇਲ ਕੀਤਾ । ਸੰਜੀਵ ਦੀ ਗੱਲ ਸੁਣਦੇ ਹੀ ਉਹ ਉਸ ਨੂੰ ਕੁੱਦ ਕੇ ਪੈ ਗਿਆ "ਤੂੰ ਕਿਵੇਂ ਫੋਨ ਕਰ ਦਿੱਤਾ ਅੱਜ? ਆਪਣੀ ਧੀ ਵਿਆਹ ਤੀ ਮੈਂ ਇੱਕ ਲੋੜਵੰਦ ਨਾਲ । ਹੁਣ ਮੇਰੀ ਧੀ ਤੇ ਉਸ ਦੇ ਬੱਚੇ ਉਸ ਭਲੇ ਪੁਰਸ਼ ਨਾਲ ਬਹੁਤ ਹੀ ਖੁਸ਼ ਹਨ। ਖ਼ਬਰਦਾਰ !! ਮੁੜ ਕੇ ਮੇਰੀ ਧੀ ਵੱਲ ਝਾਕਿਆ ਵੀ ਤਾਂ ।" ਤੇ ਉਸ ਨੇ ਬੇਹੱਦ ਗੁੱਸੇ ਨਾਲ ਫੋਨ ਕੱਟ ਦਿੱਤਾ। ਹੁਣ ਜਿਵੇਂ ਧਰਤੀ ਸੰਜੀਵ ਨੂੰ ਗਰਕਣ ਲਈ ਥਾਂ ਨਹੀਂ ਸੀ ਦੇ ਰਹੀ । ਰੱਬ ਨੇ ਉਸ ਦਾ ਹਿਸਾਬ ਜੋ ਬਰਾਬਰ ਕਰ ਦਿੱਤਾ ਸੀ।

# ਇਕਸਾਰਤਾ ਲਈ ਜ਼ਰੂਰੀ ਗੱਲਾਂ


## GUIDELINES for UNIFORMITY

(For Authors / Poets)

1. ਸਿਰਫ "ਅਨਮੋਲ ਲਿਪੀ" (ਸਾਦੀ) ਵਿਚ 12 ਸਾਈਜ਼ ਦੇ ਅੱਖਰ ਹੀ ਵਰਤੇ ਜਾਣ ਜੀ।
2. ਟਾਈਟਲ ਅਤੇ ਲੇਖਕ ਦੇ ਨਾਮ "ਅਨਮੋਲ ਲਿਪੀ" (ਸਾਦੀ) ਵਿਚ 14 ਸਾਈਜ਼ ਬੋਲਡ ਕਰੋ।
3. For English, Times New Roman (12- point font) may only be used.
4. ਨਾਮ ਦੇ ਨਾਲ ਲੇਖਕ ਦਾ ਸ਼ਹਿਰ ਅਤੇ ਬ੍ਰੈਕਟ ਵਿਚ ਮੁਲਕ ਦਾ ਨਾਮ ਜ਼ਰੂਰ ਦਿਓ ਜੀ।
   (ਫੋਨ ਨੰਬਰ / ਵੱਟਸਐਪ ਨੰਬਰ ਜਾਂ ਈ-ਮੇਲ ਅਡ੍ਰੈਸ ਦੇਣਾ ਜ਼ਰੂਰੀ ਨਹੀਂ ਹੈ।)
5. ਜਿਸ ਈ-ਮੇਲ ਦੇ ਨਾਲ ਲੇਖ ਜਾਂ ਕਵਿਤਾ ਭੇਜੋ ਉਸ ਵਿਚ ਹੇਠ ਲਿਖਿਆ ਹੋਵੇ ਜੀ :
   "This Article/Poem is my own and Nobody has any Copyright on it".
6. ਬਿਨਾ ਨਾਮ, ਪਤੇ ਤੇ ਉਪਰਲੇ ਸਰਟੀਫਿਕੇਟ ਦੇ ਕੁਛ ਵੀ ਛਾਪਿਆ ਨਹੀਂ ਜਾ ਸਕਦਾ।
7. ਐਡੀਟੋਰੀਅਲ ਬੋਰਡ (ਮੁਖ ਸੰਪਾਦਕ ਅਤੇ ਸੰਪਾਦਕੀ ਮੰਡਲ) ਕਿਸੇ ਲੇਖ/ਕਵਿਤਾ ਵਿਚ ਦਿਤੇ ਵਿਚਾਰਾਂ ਦੀ ਜ਼ਿਮੇਵਾਰੀ ਨਹੀਂ ਲਵੇਗਾ। ਵਿਚਾਰਾਂ ਲਈ ਲੇਖਕ / ਕਵੀ ਖੁਦ ਜ਼ਿਮੇਵਾਰ ਹੋਣਗੇ।
8. ਲੇਖਕ ਕਿਸੇ ਧਰਮ, ਰਾਜਨੀਤਿਕ ਪਾਰਟੀ, ਸੰਸਥਾ ਜਾਂ ਵਿਅਕਤੀ ਦੇ ਵਿਰੁੱਧ ਨਾ ਲਿਖਣ।
9. ਗੁਰਬਾਣੀ ਰੈਫਰੈਂਸ ਦੇਣ ਲਈ ਇਕੋ ਤਰਾਂ "ਮਹਲਾ, ਰਾਗੁ, ਅੰਗ" ਦੀ ਤਰਤੀਬ ਰਖੋ ਜੀ।
10. ਹਰੇਕ ਲੇਖ / ਕਵਿਤਾ ਸਿਰਫ Word (Spacing 1.0) ਵਿਚ ਹੀ ਹੋਵੇ (pdf ਵਿਚ ਨਹੀਂ).
11. ਰਚਨਾਵਾਂ ਅਨਮੋਲ ਲਿਪੀ ਵਿਚ ਹੀ ਟਾਈਪ ਕਰ ਕੇ ਭੇਜੋ (ਹੋਰ ਕਿਸੇ ਲਿਪੀ ਵਿਚ ਨਹੀਂ)
12. 'Snipping Tool', 'Print-Screen' or Photocopy ਕੀਤੀ ਲਿਖਤਾਂ ਨਾ ਭੇਜੋ ਜੀ।
13. ਲੇਖਕ / ਕਵੀ ਚਾਹੁਣ ਤਾਂ ਆਪਣੀ ਰਚਨਾ ਦੇ ਨਾਲ ਆਪਣੀ ਫੋਟੋ ਵੀ ਭੇਜ ਸਕਦੇ ਹਨ।
14. ਲੇਖਕਾਂ ਨੂੰ ਬੇਨਤੀ ਹੈ ਕਿ ਲੇਖ ਦੇ ਅਖੀਰ ਵਿਚ ਹਵਾਲਾ (References) ਜ਼ਰੂਰ ਦਿਓ ਜੀ।
15. ਲੇਖ / ਕਵਿਤਾ / ਫੋਟੋ ਭੇਜਣ ਲਈ : https://sanjhivirasat.org/submissions/


# ਸੰਪਾਦਕੀ ਮੰਡਲ


ਡਾ. ਰਾਜਾ ਬਲਰਾਜ ਸਿੰਘ


ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ


ਪ੍ਰੋਫ਼ੈਸਰ ਮਨਿੰਦਰ ਸਿੰਘ


ਡਾ. ਕਾਬਲ ਸਿੰਘ


ਡਾ. ਬਲਦੇਵ ਸਿੰਘ


ਸ. ਜਗਬੀਰ ਸਿੰਘ ਕੋਹਲੀ


ਸ. ਪਰਮਜੀਤ ਸਿੰਘ


ਪ੍ਰਿਸੀਪਲ ਮਨਮੋਹਨ ਕੌਰ


ਡਾ. ਰਾਜਬੀਰ ਸਿੰਘ ਭੱਟੀ


ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ


ਡਾ. ਕਾਲਾ ਸਿੰਘ


ਡਾ. ਡੀ. ਪੀ ਸਿੰਘ


ਡਾ. ਜਗਜੀਤ ਸਿੰਘ


ਡਾ. ਦਵਿੰਦਰ ਸਿੰਘ ਸੇਖ਼ੋਂ